ਗੁਪਤ ਪਰਦੇ

(ਭਾਗ : ਪਹਿਲਾ)

ਪਲ

ਸੁਖਦੀਪ ਸਿੰਘ ਰਾਏਪੁਰ

ਗੁਪਤ ਪਰਦੇ

.....ਸੁਖਦੀਪ ਸਿੰਘ ਰਾਏਪੁਰ

ਅੱਜ ਪਹਿਲੀ ਮੁਲਾਕਾਤ ਵਾਂਗ ਲੱਗ ਰਿਹਾ ਸੀ। ਲੱਗਣਾ ਵੀ ਜ਼ਰੂਰੀ ਸੀ ਕਿਉਂਕਿ ਤਿੰਨ ਮਹੀਨਿਆਂ ਬਾਅਦ ਜੋ ਮਿਲ਼ ਰਹੇ ਸੀ।ਨੀਤ ਦਾ ਫ਼ੋਨ ਆਇਆ

ਨੀਤ : ਹੈਲੋ

ਮੈਂ : ਹਾਂਜੀ,

ਨੀਤ : ਕਿੱਥੇ ਆ ਗਏ

ਮੈਂ : ਮੈਂ ਘਰ ਤੋਂ ਚੱਲ ਪਿਆ ਹਾਂ

ਨੀਤ : ਮੈਨੂੰ ਗਲ਼ੀ ਵਿਚ ਪਹੁੰਚ ਮਿਸ ਕਾਲ ਕਰ ਦੇਣਾ

ਮੈਂ : ਹਾਂਜੀ,ਨੀਤ ਧਿਆਨ ਨਾਲ਼

ਨੀਤ : ਹਾਂਜੀ, ਤੁਸੀਂ ਫ਼ਿਕਰ ਨਾ ਕਰੋ

ਮੈਂ ਬੱਸ ਅੱਡੇ ਤੋਂ ਮੋਟਰਸਾਈਕਲ ਸਿਵਿਆਂ ਵਾਲੇ ਰਾਹ ਪਾ ਲਿਆ,ਡੇਰਾ ਟੱਪਦੇ ਸਾਰ ਹੀ ਸੰਧੂਆਂ ਦੀ ਢਾਣੀ ਸੀ ਦੋ ਗਲ਼ੀਆਂ ਲੰਘ ਤੀਸਰੀ ਗਲ਼ੀ ਦੇ ਮੋੜ ਉੱਪਰ ਮੈਂ ਮੋਟਰਸਾਈਕਲ ਬੰਦ ਕਰ ਦਿੱਤਾ ਤੇ ਖ਼ੁਦ ਪੈਦਲ ਨੀਤ ਤੇ ਘਰ ਵੱਲ ਤੁਰ ਪਿਆ, ਗਲ਼ੀ ਵਿਚ ਤਿੰਨ ਚਾਰ ਮੋੜ ਸਨ, ਗਲ਼ੀ ਨੀਤ ਦੇ ਘਰਦੇ ਗੇਟ ਕੋਲ ਜਾ ਖ਼ਤਮ ਹੁੰਦੀ ਸੀ। ਮੈਂ ਨੀਤ ਦੇ ਘਰ ਦੇ ਸਾਹਮਣੇ ਵਾਲੇ ਮੋੜ ਤੇ ਜਾ ਮਿਸ ਕਾਲ ਕਰ ਦਿੱਤੀ,ਰਾਤ ਦੇ ਗਿਆਰਾਂ ਵੱਜ ਗਏ ਸਨ। ਨੀਤ ਨੇ ਹੌਲ਼ੀ ਜਿਹੇ ਦਰਵਾਜ਼ਾ

ਖੋਲ੍ਹਿਆ ਤੇ ਆਸੇ ਪਾਸੇ ਵੇਖਦੇ ਹੋਏ ਮੋੜ ਕੋਲ਼ ਆ ਗਈ,ਉਸਦੇ ਦਿਲ ਦੀ ਤੇਜ਼ ਧੜਕਣ ਦੀ ਆਵਾਜ਼ ,ਸੁੰਨੀ ਰਾਤ ਵਿਚ ਮੈਨੂੰ ਸ਼ਰੇਆਮ ਸੁਣਾਈ ਦੇ ਰਹੀ ਸੀ, ਚਾਨਣੀ ਰਾਤ ਹੋਣ ਕਰਕੇ ਸਾਰਾ ਕੁਝ ਸ਼ਰੇਆਮ ਦਿਖਾਈ ਦੇ ਰਿਹਾ ਸੀ,ਨੀਤ ਨੇ ਮੈਨੂੰ ਆਉਂਦੇ ਸਾਰ ਹੀ ਘੁੱਟ ਕੇ ਗੱਲਵੱਕੜੀ ਪਾ ਲਈ, ਤੇ ਮੇਰੇ ਕੋਲੋਂ ਵੀ ਰਿਹਾ ਨਾ ਗਿਆ ਤੇ ਮੈਂ ਵੀ ਉਸਨੂੰ ਗੱਲਵੱਕੜੀ ਵਿਚ ਘੁੱਟ ਲਿਆ।

ਮੈਂ : ਕੀ ਹੋਇਆ

ਨੀਤ : ਕੁਝ ਨਹੀਂ

ਮੈਂ : ਕਿਵੇਂ ਹੋ

ਨੀਤ : ਵਧੀਆ, ਤੈਨੂੰ ਕੀ ਫ਼ਰਕ ਪੈਂਦਾ

ਮੈਂ : ਏਦਾਂ ਦੀ ਗੱਲ ਨਹੀਂ ਹੈ, ਫ਼ਰਕ ਪੈਂਦਾ ਸੀ ਸ਼ਾਇਦ ਤਾਂ ਹੀ...

ਨੀਤ : ਬੋਲੋ ਅੱਗੇ ਵੀ,,,ਕੀ ਤਾਂ ਹੀ...

ਮੈਂ : ਤਾਂ ਹੀ ਅੱਜ ਵੀ ਤੈਨੂੰ ਮਿਲ਼ਣ ਆ ਗਿਆ

ਨੀਤ : ਨਾ ਆਉਂਦਾ, ਸਵੇਰੇ ਦਾ ਸੂਰਜ ਦੂਜੇ ਪਾਸੇ ਚੜ੍ਹਦਾ ਵਿੱਖ ਜਾਣਾ ਸੀ

ਮੈਂ : ਆ ਗਈ ਉਹੀ ਗੱਲਾਂ ਫੇਰ, ਮੈਂ ਵਾਪਿਸ ਚੱਲਿਆ ਹਾਂ, (ਮੈਂ ਸੜਕ ਵੱਲ਼ ਨੂੰ ਤੁਰ ਪਿਆ, ਨੀਤ ਵੀ ਮੇਰੇ ਮਗ਼ਰ ਹੀ ਤੁਰ ਪਈ,ਪਰ ਉਹ ਬੋਲੀ ਕੁਝ ਨਹੀਂ, ਮੈਂ ਜਾ ਕੇ ਮੋਟਰਸਾਈਕਲ ਉੱਪਰ ਬੈਠ ਗਿਆ,ਉਹ ਬਿਲਕੁਲ ਸਾਹਮਣੇ ਖੜ੍ਹ ਗਈ)

ਨੀਤ : ਮੈਂ ਵੀ ਨਾਲ਼ ਚੱਲਾਂਗੀ

ਮੈਂ : ਯਰ ਤੂੰ ,,, ਹਰ ਵਾਰ ਤੇਰੀਆਂ ਇਹੀ ਗੱਲਾਂ ਹੁੰਦੀਆਂ, ਮੈਨੂੰ ਇਹ ਬਿਲਕੁਲ ਪਸੰਦ ਨਹੀਂ

ਨੀਤ : ਸੌਰੀ, ਹੁਣ ਨਹੀਂ ਬੋਲਦੀ ਐਦਾਂ

(ਉਹਨੇ ਹਲਕੀ ਮੁਸਕਾਨ ਚਿਹਰੇ ਤੇ ਲਿਆ, ਦੋਵੇਂ ਕੰਨ ਫੜਦੇ ਕਿਹਾ)

ਮੈਂ : ਕਬਰਸਤਾਨ ਵਿਚ ਚੱਲੀਏ

ਨੀਤ : ਜਿੱਥੇ ਮਰਜ਼ੀ ਲੈ ਚੱਲੋ,ਸਾਰੀ ਰਾਤ ਤੁਹਾਡੇ ਕੋਲ਼ ਹੀ ਹਾਂ।

ਅਸੀਂ ਕਬਰਸਤਾਨ ਵਿਚ ਜਾਂ ਇੱਕ ਵਣ ਥੱਲੇ ਬੈਠ ਗਏ, ਮੈਂ ਗਲ਼ ਵਿੱਚ ਪਾਏ ਪਰਨੇ ਨੂੰ ਥੱਲੇ ਵਿਛਾ ਸਿੱਧਾ ਕਰ ਲਿਆ, ਅਸੀਂ ਦੋਵੇਂ ਵਣ ਦੀ ਢੂੰਹ ਲਾ ਬੈਠ ਗਏ,ਮੇਰਾ ਸਾਰਾ ਧਿਆਨ ਉਸਦੇ ਚਿਹਰੇ ਵੱਲ ਸੀ ਜੋ ਉੱਛਲ ਉੱਛਲ ਕਰ ਰਿਹਾ ਸੀ। ਮੈਂ ਪੁੱਛਿਆ ਕੀ ਹੋਇਆ,ਜੀਅ ਨਹੀਂ ਲੱਗਿਆ ਸੋਹਰੇ ਘਰ,ਨੀਤ ਸਭ ਪਤਾ ਹੈ ਜੇਕਰ ਬੋਲ ਕੇ ਦੱਸਣ ਨਾਲ ਕੋਈ ਜ਼ਿਆਦਾ ਸੁਣੇਗਾ ਤਾਂ ਦੱਸ ਦੇਈਂ ਹਾਂ, ਮੈਂ ਸਮਝ ਸਕਦਾਂ ਹਾਂ,ਪਰ ਤੂੰ ਹੀ ਦੱਸ ਆਪਾਂ ਕਰ ਕੀ ਸਕਦੇ ਹਾਂ, ਤੈਨੂੰ ਪਤਾ ਹੈ ਨਾ ਇਹ ਪਿਆਰ ਮੁਹੱਬਤ ਤਾਂ ਦੁਨੀਆਂ ਲਈ ਇੱਕ ਅਪਰਾਧ ਤੋਂ ਘੱਟ ਨਹੀਂ, ਨਾਲ਼ੇ ਆਪਾਂ ਜੇ ਅਲੱਗ-ਅਲੱਗ ਪਿੰਡ ਦੇ ਹੁੰਦੇ ਤਾਂ ਹੋਰ ਗੱਲ ਸੀ ਪਰ ਆਪਾਂ ਤਾਂ ਇੱਕੋ ਪਿੰਡ ਦੇ ਹਾਂ

ਨੀਤ : ਮੈਂ ਤੁਹਾਡੇ ਬਿਨਾਂ ਨਹੀਂ ਰਹਿ ਸਕਦੀ

ਮੈਂ : ਰਹਿਣਾ ਕੌਣ ਚਾਹੁੰਦਾ ਹੁੰਦਾ, ਵਕ਼ਤ ਦੀ ਖੇਡ ਹੀ ਐਸੀ ਹੈ, ਨਾਲ਼ੇ ਕਿਸੇ ਦੇ ਚਾਅ ਮਾਰ ਕੇ ਪੂਰੇ ਕੀਤੇ ਸੁਪਨੇ, ਮੈਨੂੰ ਨਹੀਂ ਲੱਗਦਾ ਸਕੂਨ ਦੇਂਦੇ ਹੋਣਗੇ

ਨੀਤ : ਫ਼ੇਰ ਆਪਣੀਆਂ ਰੀਝਾਂ ਦਾ ਕੀ

ਮੈਂ : ਪੁੱਤ ਇਹ ਤੈਨੂੰ ਵੀ ਪਤਾ ਸੀ ਤੇ ਮੈਨੂੰ ਵੀ, ਫ਼ੇਰ ਜਵਾਕਾਂ ਵਾਲੀਆਂ ਗੱਲਾਂ ਵਿੱਚੋਂ ਕੋਈ ਤਰਕ ਨਹੀਂ ਨਿਕਲਦਾ, ਮੈਂ ਅੱਜ ਵੀ ਤੇਰੇ ਕੋਲ਼ ਆ ਤੇ ਕੱਲ੍ਹ ਵੀ ਤੇਰੇ ਕੋਲ਼ ਰਹਾਂਗਾ, ਫ਼ੇਰ ਕੀ ਹੋਇਆ ਵਿਆਹ ਹੀ ਹੋਇਆ ਹੈ, ਵੇਖ ਆਪਾਂ ਅੱਜ ਵੀ ਇਕੱਠੇ ਹਾਂ,

ਉਸਨੇ ਫ਼ੇਰ ਮੈਨੂੰ ਆਪਣੀਆਂ ਬਾਹਾਂ ਵਿਚ ਘੁੱਟ ਲਿਆ, ਅਸੀਂ ਕਿੰਨਾ ਚਿਰ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਰਹੇ।

ਨੀਤ ਤੇ ਮੈਂ , ਅੱਠਵੀਂ ਜਮਾਤ ਤੋਂ ਇੱਕੋ ਸਕੂਲ ਵਿੱਚ ਇੱਕੋ ਜਮਾਤ ਵਿਚ ਇੱਕਠੇ ਪੜ੍ਹੇ ਹਾਂ,ਜਵਾਨੀ ਦੀ ਉਹ ਰੁੱਤ ਜਿਸ ਵਿਚ ਫੁੱਟਦੀਆਂ ਲਗਰਾਂ ਹਾਣ ਟੋਹਲਦੀਆਂ ਹੁੰਦੀਆਂ, ਅਸੀਂ ਇੱਕ ਦੂਜੇ ਨੂੰ ਟੋਹਲ ਲਿਆ,ਨੀਤ ਨੇ ਬਹੁਤ ਜ਼ੋਰ ਲਾਇਆ ਕਿ ਆਪਾਂ ਇਸ ਦੁਨੀਆਂ ਤੋਂ ਦੂਰ ਤੁਰ ਚੱਲਦੇ ਹਾਂ, ਹਾਲਾਂ ਕਿ ਮੇਰਾ ਵੀ ਦਿਲ ਕਹਿੰਦਾ ਸੀ ਕਿ ਮੈਂ ਉਹਦੇ ਤੋਂ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ,ਪਰ ਵਕ਼ਤ ਤੇ ਮਜ਼ਬੂਰੀ ਵੱਸ ਪਿਆ ਬੰਦਾ, ਸਭ ਕੁਝ ਜ਼ਰ ਲੈਂਦਾ ਹੈ। ਮੈਨੂੰ ਨੀਤ ਦੀ ਹੀ ਵੱਡੀ ਭੈਣ ਜਿਸਨੂੰ ਸਾਡੇ ਬਾਰੇ ਸਭ ਪਤਾ ਸੀ ਉਸਨੇ ਨਸੀਅਤ ਦਿੱਤੀ ਕਿ ਐਦਾਂ ਤੁਸੀਂ ਕਦੇ ਵੀ ਖੁਸ਼ ਨਹੀਂ ਰਹਿ ਸਕੋਗੇ, ਐਦਾਂ ਜ਼ਿੰਦਗੀ ਬਹੁਤ ਲੰਮੀਂ ਹੋ ਜਾਂਦੀ ਹੈ, ਬਹੁਤ ਸਾਰੇ ਪਲ਼ ਐਦਾਂ ਦੇ ਆਉਂਦੇ ਨੇ ਕਿ ਆਪਾਂ ਇਹਨਾਂ ਰਿਸ਼ਤਿਆਂ ਕਰਕੇ ਹੀ ਜਿਉਂਦੇ ਰਹਿਣ ਲਈ ਮਜਬੂਰ ਹੋ ਜਾਣੇ ਹਾਂ, ਰੱਬ ਨਾ ਕਰੇ ਕੱਲ੍ਹ ਨੂੰ ਕੁਝ ਉਨੀਂ ਇੱਕੀ ਹੋ ਜਾਵੇ,ਨੀਤ ਜਾਂ ਤੁਹਾਨੂੰ ਕੁਝ ਹੋ ਜਾਵੇ, ਫ਼ੇਰ ਕੌਣ ਹੋਵੇਗਾ ਤੁਹਾਡਾ ਆਪਣਾ, ਤੁਸੀਂ

ਇਸ ਲਈ ਰੱਬ ਦਾ ਸ਼ੁਕਰਾਨਾ ਕਰੋ ਕਿ ਸਾਡਾ ਰਿਸ਼ਤਾ ਐਥੋਂ ਤੀਕ ਆਇਆ , ਅਸੀਂ ਇੱਕ ਦੂਸਰੇ ਦੀ ਕਿਸੇ ਅਣਜਾਣ ਗ਼ਲਤੀ ਕਰਕੇ ਅੱਡ ਨਹੀਂ ਹੋਏ ਸਾਡਾ ਸੱਜਣ ਸਾਨੂੰ ਧੋਖਾ ਦੇ ਕੇ ਨਹੀਂ ਗਿਆ,, ਮੈਨੂੰ ਉਸਦੀਆਂ ਗੱਲਾਂ ਨੇ ਬਹੁਤ ਪ੍ਰਭਾਵਿਤ ਕੀਤਾ, ਮੈਂ ਨੀਤ ਨੂੰ ਪਿਆਰ ਨਾਲ਼ ਸਮਝਾਇਆ ਤੇ ਸਭ ਸਹੀ ਹੋ ਗਿਆ, ਜਾਂ ਕਹਿ ਲਵੋ ਉਹ ਹੋ ਗਿਆ ਜੋ ਰੱਬ ਨੂੰ ਮਨਜ਼ੂਰ ਸੀ। ਮੈਂ ਖ਼ੁਸ਼ ਹਾਂ ਕਿ ਨੀਤ ਦਾ ਪਰਿਵਾਰ ਖੁਸ਼ ਹੈ, ਨੀਤ ਵੀ ਹੌਲ਼ੀ ਹੌਲ਼ੀ ਸੰਭਲ ਜਾਵੇਗੀ।

ਉਸਦੇ ਦਿਲ ਵਿਚ ਅੱਜ ਵੀ ਮੇਰੇ ਲਈ ਓਨਾ ਹੀ ਪਿਆਰ ਹੈ ਜਿੰਨਾ ਕੱਲ੍ਹ ਸੀ। ਜਿੰਨੇਂ ਦਿਨ ਨੀਤ ਪਿੰਡ ਰਹੀ , ਅਸੀਂ ਹਰ ਰਾਤ ਮਿਲਦੇ ਰਹੇ, ਉਸਤੋਂ ਬਾਅਦ ਸਾਡੀ ਗੱਲ ਨਹੀਂ ਹੋਈ,ਉਹ ਤਕਰੀਬਨ ਦੋ ਮਹੀਨਿਆਂ ਬਾਅਦ ਸਾਵਣ ਦੇ ਮਹੀਨੇ ਪਿੰਡ ਆਈ, ਮੈਂ ਮੋਟਰ ਵਾਲ਼ੇ ਖੇਤ ਝੋਨੇ ਨੂੰ ਪਾਣੀ ਦੇ ਰਿਹਾ ਸੀ। ਉਸਨੇ ਆਪਣੀ ਮੰਮੀ ਵਾਲੇ ਫ਼ੋਨ ਤੋਂ ਕਾਲ ਕਰੀ ਅਤੇ ਜਲਦੀ ਜਲਦੀ ਵਿਚ ਕਿਹਾ ਕਿ ਉਹ ਅੱਜ ਰਾਤ ਗਲ਼ੀ ਦੇ ਮੋੜ ਦੇ ਇੰਤਜ਼ਾਰ ਕਰੇਗੀ,,, ਮੇਰੇ ਦਿਲ ਵਿਚ ਉਸਦੇ ਪਿੰਡ ਆਉਣ ਦੀ ਖੁਸ਼ੀ ਬੜੀ ਸੀ ਅਤੇ ਉਸਨੇ ਮਿਲ਼ਣ ਦੀ ਤਾਂ ਗੱਲ ਕਹਿ ਕਿ ਤਾਂ ਮੰਨ ਲਵੋ ਮੇਰਾ ਦਿਲ ਚੀਰ ਲਿਆ ਹੋਵੇ, ਬੇਸ਼ੱਕ ਨੀਤ ਦਾ ਵਿਆਹ ਹੋ ਚੁੱਕਾ ਸੀ ਪਰ ਮੈਨੂੰ ਵੀ ਅੱਜ ਵੀ ਰਾਤੀਂ ਸੁਪਨੇ ਆਉਂਦੇ ਸਨ ਕਿ ਕੋਈ ਐਸਾ ਚਮਤਕਾਰ ਹੋਇਆ ਕਿ ਨੀਤ ਹਮੇਸ਼ਾ ਲਈ ਮੇਰੀ ਹੋ ਗਈ,ਪਰ ਜ਼ਿੰਦਗੀ ਵਿਚ ਚਮਤਕਾਰ,,, ਮੈਂ ਉਸਨੂੰ ਅੱਜ ਵੀ ਓਨਾ ਹੀ ਪਿਆਰ ਕਰਦਾ ਸੀ ਜਿੰਨਾ ਬੀਤੇ ਕੱਲ੍ਹ ਵਿਚ ਅਸੀਂ ਇੱਕ ਦੂਜੇ ਨੂੰ ਕਰਦੇ ਸੀ, ਬਾਕੀ ਇਹ ਗੱਲ ਅਸੀਂ ਦੋਵੇਂ ਜਾਣਦੇ ਸਾਂ ਕਿ ਸਾਡਾ ਵਿਆਹ ਨਹੀਂ ਹੋ ਸਕਦਾ, ਫ਼ੇਰ ਇਸ ਗੱਲ ਤੇ ਵਾਰ ਵਾਰ ਪਿਛਤਾਵਾ ਕਰੇ ਵਿਚ ਕੋਈ ਸਿੱਟਾ ਨਹੀਂ ਸੀ, ਮੈਂ ਅੱਜ ਵੀ ਆਪਣੇ ਸਿਰਹਾਣੇ ਉਸਦੀ ਤਸਵੀਰ ਰੱਖ ਕੇ ਸੌਂਦਾ ਸੀ, ਅੱਜ ਵੀ ਮੈਨੂੰ ਲੱਗਦਾ ਹੈ ਕਿ ਅਸੀਂ ਇੱਕ ਹੀ ਹਾਂ, ਕਦੇ ਕਦੇ ਮੈਨੂੰ

ਸਾਡੀਆਂ ਹੱਸ ਖੇਡ ਕੇ ਬਤਾਈਆਂ ਮੁਲਾਕਾਤਾਂ ਯਾਦ ਆਉਣ ਲੱਗਦੀਆਂ ਨੇ,ਕਿ ਅਸੀਂ ਕਿੰਝ ਘਰੋਂ ਝੂਠ ਬੋਲ ਬੋਲ,ਇੱਕਠੇ ਸਿਨੇਮਾ ਵੇਖਿਆ, ਪਾਰਕਾਂ ਵਿੱਚ ਘੁੰਮੇ,ਵਾਧੂ ਸ਼ਹਿਰ ਦੇ ਗੇੜੇ ਲਾਏ,ਇਹ ਗੱਲ ਸੱਚ ਹੀ ਤਾਂ ਹੈ ਕਿ ਮੁਹੱਬਤ ਇਨਸਾਨ ਨੂੰ ਪਾਗ਼ਲ ਕਰ ਦੇਂਦੀ ਹੈ, ਮੈਨੂੰ ਹੁਣ ਉਹ ਗੱਲਾਂ ਯਾਦ ਕਰ ਕਰ ਹਾਸਾ ਆਉਂਦਾ ਹੈ,ਸਾਡਾ ਨੀਤ ਦੇ ਵਿਆਹ ਤੱਕ ਰੂਹਾਨੀ ਰਿਸ਼ਤਾ ਸੀ ਪਰ ਨੀਤ ਦੇ ਵਿਆਹ ਤੋਂ ਬਾਅਦ ਸਾਡਾ ਇਹ ਰਿਸ਼ਤਾ ਜਿਸਮਾਨੀ ਸਾਂਝ ਵਿਚ ਵੀ ਬਦਲ ਗਿਆ,,,ਇਹ ਤਾਂ ਨਹੀਂ ਪਤਾ ਇਹ ਗ਼ਲਤ ਸੀ ਜਾਂ ਸਹੀ

ਬੁੱਧਵਾਰ ਦਾ ਦਿਨ ਸੀ ਅੱਜ ਦੀ ਰਾਤ ਸਾਡੇ ਖੇਤਾਂ ਵੱਲ ਪਾਣੀ ਦੀਆਂ ਬਾਰੀਆਂ ਚੱਲਦੀਆਂ ਨੇ,ਪਰ ਮੈਂ ਨੀਤ ਦਾ ਫ਼ੋਨ ਸੁਣਦਿਆਂ ਹੀ ਮੋਟਰ ਪੈਂਦੀ ਕਰ ਆਇਆ ਸੀ ਤੇ ਸਾਰੇ ਨੱਕੇ ਬੰਨ੍ਹੇ ਤਕੜੇ ਕਰ ਦਿੱਤੇ ਸੀ ਤੇ ਮੇਰੇ ਤਾਏ ਦੇ ਵੱਡੇ ਮੁੰਡੇ ਨੂੰ ਮੇਰਾ ਪਾਣੀ ਸੰਭਾਲਣ ਲਈ ਕਹਿ ਦਿੱਤਾ ਸੀ ਬੜਾ ਹੀ ਭਗਤ ਤੇ ਸਾਊ ਬੰਦਾ ਸੀ ਪਰ ਇਸਦੀ ਤੀਵੀਂ ਇਸਨੂੰ ਟਿੱਚ ਨਹੀਂ ਜਾਣਦੀ ਸੀ,ਹੈ ਵੀ ਬੜੇ ਚੱਕਵੇਂ ਜਿਹੇ ਸੁਭਾਅ ਦੀ ਸੀ ਬਾਕੀ ਸਾਰੇ ਹੀ ਕਹਿੰਦੇ ਦੇ ਬਾਈ ਉਸ ਪਿੰਡ ਦੀਆਂ ਤੀਵੀਂਆਂ ਹੈਂ ਹੀ ਸਾਰੀਆਂ ਚੱਕਵੀਂਆ,ਜੇਹੋ ਜਿਹਾ ਉਸਨੂੰ ਬੁਲਾ ਲਿਆ ਤੇ ਜੇਹੋ ਜਿਹਾ ਮਿੱਖੀਆਲ (ਡੂਮਣਾ) ਛੇੜ ਲਿਆ,,, ਰੱਬ ਦਾ ਨਾਂ

ਮੇਰਾ ਮੋਟਰਸਾਈਕਲ ਖ਼ਰਾਬ ਹੋਣ ਕਰਕੇ ਮੈਂ ਪੈਦਲ ਹੀ ਜਾ ਰਿਹਾ ਸੀ,ਰਾਹ ਬਿਲਕੁਲ ਸੁੰਨਾ ਸੀ ਹਲਕੀ ਹਲਕੀ ਖ਼ਾਸਾ ਚਿਰ ਮਗਰੋਂ ਕੋਈ ਟਟੀਰੀ ਟੀਕਦੀ ਦੀ ਆਵਾਜ਼ ਸੁਣਦੀ , ਇਸ ਡੂੰਘੀ ਜਿਹੀ ਚੁੱਪ ਨੇ ਅੰਦਰ ਹਜ਼ਾਰਾਂ ਸਵਾਲ ਬੁਣ

ਦਿੱਤੇ ਸੀ, ਜਿਉਂ ਜਿਉਂ ਮੈਂ ਡੇਰੇ ਵੱਲ ਵੱਧ ਰਿਹਾ ਸੀ ਮੇਰੇ ਦਿਲ ਦੀ ਧੜਕਣ ਤੇਜ਼ ਹੋ ਰਹੀ ਸੀ, ਮੈਂ ਨੀਤ ਤੇ ਮੇਰੀਆਂ ਲੰਘੇ ਵਕ਼ਤ ਦੀਆਂ ਗੱਲਾਂ ਵਿਚ ਫ਼ੇਰ ਉਲਝ ਗਿਆ ਇੱਕ ਵਾਰ ਕੀ ਹੋਇਆ, ਮੈਂ ਨੀਤ ਦੀ ਤਸਵੀਰ ਆਪਣੀ ਕਿਸੇ ਦੋਸਤ ਨੂੰ ਵਿਖਾ ਦਿੱਤੀ, ਨੀਤ ਦੇ ਜਿੱਥੇ ਨਾਨਕੇ ਸਨ ਉਥੇ ਮੇਰੀ ਮਾਸੀ ਸੀ, ਉਸਨੇ ਨੀਤ ਨੂੰ ਦੱਸ ਦਿੱਤਾ ਕਿ ਉਸ ਮੁੰਡੇ ਕੋਲ ਤੇਰੀ ਤਸਵੀਰ ਹੈ ਉਹ ਮੇਰੇ ਨਾਲ਼ ਕਿੰਨੇ ਦਿਨ ਗੁੱਸੇ ਰਹੀ,ਮੇਰਾ ਹਰ ਦਿਨ ਅਜ਼ੀਬ ਜਿਹੀ ਉਦਾਸੀ ਨਾਲ਼ ਬੰਨਿਆਂ ਜਾ ਰਿਹਾ ਸੀ,ਪਤਾ ਨਹੀਂ ਕਿਉਂ ਮੈਨੂੰ ਨੀਤ ਦੇ ਵਿਆਹ ਤੋਂ ਬਾਅਦ ਨੀਤ ਨੂੰ ਮਿਲਣਾਂ ਸਹੀ ਨਹੀਂ ਲੱਗ ਰਿਹਾ ਸੀ ਕਿਉਂਕਿ ਮੈਂ ਨਹੀਂ ਚਾਹੁੰਦਾ ਸੀ ਮੇਰੀ ਵਜਾਹ ਨਾਲ਼ ਉਸਨੂੰ ਇੱਕ ਨਵੀਂ ਜ਼ਿੰਦਗੀ ਵਿਚ ਤਕਲੀਫ਼ ਆਵੇ,ਪਰ ਮੈਂ ਆਪਣੇ ਪਿਆਰ ਨੂੰ ਵੀ ਝੂਠਾ ਨਹੀਂ ਪੈਣ ਦੇ ਸਕਦਾ ਸੀ, ਜਿਉਂ ਜਿਉਂ ਨੀਤ ਦੇ ਘਰਾਂ ਕੋਲ਼ ਗਿਆ ਟਟੀਰੀ ਦੀ ਆਵਾਜ਼ ਤੇਜ਼ ਹੋ ਗਈ ਹਲਕੀ ਹਲਕੀ ਕਿਸੇ ਤੂਫ਼ਾਨੀ ਰੂਪ ਵਾਂਗ ਹਵਾ ਚੱਲਣ ਲੱਗੀ ਚੰਨ ਕਿਤੇ ਅਲੋਪ ਹੋ ਗਿਆ, ਤਾਰਾ ਵੀ ਕੋਈ ਟਾਂਵਾਂ ਟੱਲਾ ਹੀ ਵਿਖ ਰਿਹਾ ਸੀ। ਮੈਂ ਨੀਤ ਦੇ ਘਰ ਵਾਲ਼ੀ ਗਲ਼ੀ ਮੁੜਿਆ ਹੀ ਸਾਂ ਕਿ ਕਿਸੇ ਨੇ ਮੈਨੂੰ ਮਗਰੋਂ ਆ ਆਪਣੀਆਂ ਬਾਹਾਂ ਵਿਚ ਜਕੜ ਲਿਆ, ਮੈਨੂੰ ਹੱਥਾਂ ਦੀ ਛੋਹ ਤੇ ਸਿਰ ਲੱਗੇ ਵਾਲ਼ਾ ਦੇ ਤੇਲ ਦੀ ਖ਼ੁਸ਼ਬੂ ਤੋਂ ਹੀ ਪਤਾ ਲੱਗ ਗਿਆ ਕਿ ਇਹ ਨੀਤ ਹੈ।

ਮੈਂ : ਉਹੋ ਯਰ ਤੂੰ ਤੇ ਡਰਾ ਹੀ ਦਿੱਤਾ ਸੀ

ਨੀਤ : ਆਹੋ ਹੁਣ ਤੇ ਤੈਨੂੰ ਮੇਰੇ ਤੋਂ ਡਰ ਹੀ ਲੱਗਣਾ ਹੈ

(ਅਸੀਂ ਇੱਕ ਦੂਸਰੇ ਨੂੰ ਗਲ਼ ਲੱਗ ਮਿਲ਼ੇ)

ਮੈਂ : ਕਿਵੇਂ ਆ ਮੇਰਾ ਪੁੱਤ

ਨੀਤ : ਜਿਵੇਂ ਮੇਰਾ ਪੁੱਤ ਹੈ

ਮੈਂ : ਮੈਂ ਤਾਂ ਜਮਾਂ ਪੂਰਾ ਘੈਂਟ ਹਾਂ

ਨੀਤ : ਵੱਸ ਫ਼ੇਰ ਮੈਂ ਵੀ ਓਦਾਂ ਹੀ ਹਾਂ

ਅਸੀਂ ਦੋਵੇਂ ਹੱਸ ਪਏ,,,

ਨੀਤ : ਚੱਲੀਏ

ਮੈਂ : ਕਿੱਥੇ

ਨੀਤ : ਘਰ

ਮੈਂ : ਕਿੱਥੇ

ਨੀਤ : ਰਾਜੇ ਉਥੇ (ਉਹਨੇ ਕਬਰਸਤਾਨ ਵੱਲ਼ ਇਸ਼ਾਰਾ ਕਰਦਿਆਂ ਕਿਹਾ)

ਮੈਂ : ਮੈਨੂੰ ਤੇ ਲੱਗਾ ਕਿਤੇ ਸੱਚੀਂ ਚੱਲੀ ਘਰ ਨੂੰ

ਨੀਤ : ਕਿਵੇਂ ਅੱਜ ਬੜਾ ਖੁਸ਼ ਖੁਸ਼ ਨਜ਼ਰ ਆ ਰਿਹਾ

ਮੈਂ : ਤੂੰ ਮੇਰੇ ਨਾਲ਼ ਹੈਂ,ਜੇ ਫ਼ੇਰ ਵੀ ਨਾ ਖ਼ੁਸ਼ ਹੋਵਾਂਗਾ, ਫ਼ੇਰ ਹੋਰ ਕਦੋਂ ਹੋਵਾਂਗਾ

ਨੀਤ : ਅੱਛਾ ਜੀ

ਅਸੀਂ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਕਬਰਸਤਾਨ ਵਿਚ ਜਾ ਬੈਠੇ, ਕਬਰਸਤਾਨ ਵਿਚ ਰਹਿੰਦੇ ਭੂਤ ਪ੍ਰੇਤ ਆਤਮਾਵਾਂ ਆਸ਼ਕਾਂ ਦੇ ਰਾਖੇ ਹੁੰਦੇ ਨੇ, ਮੈਨੂੰ ਕਦੇ ਕਦੇ ਲੱਗਦਾ ਹੁੰਦਾ ਜੇ ਕਬਰਸਤਾਨ,ਸਿਵੇ,ਖੰਡਰ ਤੇ ਇਹ ਵੈਰਾਨ

ਥਾਵਾਂ ਨਾ ਹੁੰਦੇ,ਕਿਤੇ ਕਿਤੇ ਤਾਂ ਆਸ਼ਕਾਂ ਨੇ ਪਹਿਲੀ ਮੁਲਾਕਾਤੇ ਹੀ ਮਰ ਜਾਣਾ ਸੀ।

ਅਸੀਂ ਉਸੇ ਵਣ ਥੱਲੇ ਜਾ ਬੈਠੇ ਜਿਸ ਥੱਲੇ ਅਸੀਂ ਪਹਿਲਾਂ ਵਾਲ਼ੀ ਮੁਲਾਕਾਤ ਵਿਚ ਬੈਠੇ ਸੀ।

ਨੀਤ : ਤੁਹਾਨੂੰ ਪਤਾ, ਮੈਨੂੰ ਕਦੇ ਕਦੇ ਇਹ ਲੱਗਦਾ ਹੁੰਦਾ ਕਿ ਜਦੋਂ ਆਪਾਂ ਵੀ ਮਰੀਏ ਆਪਾਂ ਕੋਈ ਐਦਾਂ ਦਾ ਵਣ ਬਣੀਏ ਜਿਸ ਦੀ ਓਟ ਲਾ ਕੋਈ ਮੁਹੱਬਤੀ ਸੱਜਣਾਂ ਦਾ ਜੋੜਾ ਬੈਠ ਸਕੇ, ਮੈਂ ਰਾਤ ਨੂੰ ਪਈ ਪਈ ਜਦ ਵੀ ਇਸ ਵਣ ਨੂੰ ਚੇਤੇ ਕਰਦੀ ਹਾਂ, ਮੇਰੇ ਦਿਲ ਤੋਂ ਬਹੁਤ ਸਾਰੀਆਂ ਦੁਆਵਾ ਨਿਕਲਦੀਆਂ ਨੇ,

ਨੀਤ : ਮੈਂ ਤੁਹਾਨੂੰ ਇੱਕ ਗੱਲ ਦੱਸਣੀ ਸੀ

ਉਸਨੇ ਆਪਣੇ ਹੱਥ ਨਾਲ਼ ਮੇਰਾ ਮੂੰਹ ਆਪਣੇ ਚਿਹਰੇ ਵੱਲ ਕੀਤਾ

ਨੀਤ : ਮੇਰੇ ਚਿਹਰੇ ਵੱਲ ਵੇਖੋ, ਧਿਆਨ ਨਾਲ਼,ਪਤਾ ਨਹੀਂ ਇਹ ਸਹੀ ਹੈ ਕਿ ਨਹੀਂ,ਪਰ ਮੈਂ ਓਹਲਾ ਨਹੀਂ ਰੱਖ ਸਕਦੀ

ਮੈਂ : ਪੂਰੀ ਤਰ੍ਹਾਂ ਡਰ ਗਿਆ ਕਿ ਏਹੋ ਜਿਹੀ ਕੀ ਗੱਲ ਹੈ,

ਮੈਂ ਨੀਤ ਦੇ ਦੋਵੇਂ ਹੱਥ ਆਪਣੇ ਹੱਥਾਂ ਵਿੱਚ ਲਏ ਤੇ ਕਿਹਾ ਤੁਸੀਂ ਦੱਸੋ ਕੀ ਗੱਲ ਹੈ

ਨੀਤ : ਮੈਂ ਕਿਵੇਂ ਜੇ ਦੱਸਾਂ, ਮੈਨੂੰ ਸਮਝ ਨਹੀਂ ਆ ਰਹੀ

ਮੈਂ : ਜਿਵੇਂ ਵੀ ਹੈ ਦੱਸ ਦੇਵੋ,,,

ਨੀਤ : ਮੈਂ ਪ੍ਰੈਗਨੈਂਟ ਹਾਂ

ਉਸਦੀਆਂ ਅੱਖਾਂ ਵਿਚੋਂ ਗਰਨ ਗਰਨ ਹੰਝੂ ਵਹਿਣ ਲੱਗੇ, ਉਸਨੇ ਇਹ ਕਹਿ ਮੈਨੂੰ ਘੁੱਟ ਕੇ ਗੱਲਵੱਕੜੀ ਪਾ ਲਈ,

ਮੈਂ : ਫ਼ੇਰ ਇਸ ਵਿਚ ਰੋਣ ਵਾਲ਼ੀ ਕੀ ਗੱਲ ਹੈ, ਹੈਂ ਕਮਲ਼ੀ ਨਾ ਹੋਵੇ ਤਾਂ,ਔਰਤ ਨੂੰ ਰੱਬ ਵੱਲੋਂ ਸ੍ਰਿਸ਼ਟੀ ਦੀ ਸਿਰਜਣਹਾਰ ਬਣਾ ਕੇ ਭੇਜਿਆ ਗਿਆ ਹੈ, ਇਹ ਤਾਂ ਸਗੋਂ ਖੁਸ਼ੀ ਦੀ ਗੱਲ ਹੈ, ਉਸਦੀਆਂ ਅੱਖਾਂ ਵਿੱਚੋਂ ਹਲੇ ਵੀ ਖ਼ਾਰਾ ਪਾਣੀ ਓਦਾਂ ਹੀ ਡੁੱਲ ਰਿਹਾ ਸੀ, ਮੈਂ ਨਹੀਂ ਬੁੱਝ ਸਕਿਆ ਸੀ ਕਿ ਉਸਦੇ ਰੋਣ ਦੀ ਵਜਾਹ ਕੀ ਹੈ,ਓਏ ਕਮਲ਼ੀ ਕਿਉਂ ਬਣ ਰਹੀ ਹੈਂ ਚੁੱਪ ਕਰ ,ਉਹ ਵੇਖ ਚੰਨ ਨਿਕਲ਼ ਆਇਆ,,,ਉਹ ਉੱਪਰ ਵੇਖਣ ਲੱਗੀ

ਮੈਂ : ਨੀਤ ਪਤਾ ਤੂੰ ਕਿੰਨੀ ਸੋਹਣੀ ਲੱਗ ਰਹੀ ਹੈਂ

ਨੀਤ : ਉਹ ਹਲਕਾ ਜਿਹਾ ਮੁਸਕਰਾਈ ਤੇ ਅੱਖਾਂ ਸਾਫ ਕਰ ਫ਼ੇਰ ਮੈਨੂੰ ਘੁੱਟ ਕੇ ਗੱਲਵੱਕੜੀ ਪਾ ਲਈ

ਮੈਂ : ਐਨੀ ਚੰਗੀ ਤਰ੍ਹਾਂ ਤਾਂ ਕੋਈ ਭੂਤ ਨਹੀਂ ਕਿਸੇ ਨੂੰ ਚੁੰਬੜਦਾ ਹੁੰਦਾ, ਜਿਸ ਹਿਸਾਬ ਨਾਲ਼ ਤੂੰ ਮੈਨੂੰ ਘੁੱਟ ਰੱਖਿਆ ਹੈ

ਨੀਤ : ਤੁਹਾਨੂੰ ਪਤਾ, ਮੈਂ ਤਿੰਨ ਮਹੀਨਿਆਂ ਤੋਂ ਪ੍ਰੈਗਨੈਂਟ ਹਾਂ,,,,

ਉਸਦੀਆਂ ਅੱਖਾਂ ਵਿਚ ਫ਼ੇਰ ਪਾਣੀ ਉਤਰ ਆਇਆ

ਮੈਂ ਸਮਝ ਕੁਝ ਚੁੱਕਾ ਸੀ ਕਿ ਨੀਤ ਦੇ ਐਨਾ ਜ਼ਿਆਦਾ ਰੋਣ ਦੀ ਕੀ ਵਜਾਹ ਸੀ।

ਨੀਤ : ਮੈਨੂੰ ਨਹੀਂ ਪਤਾ ਇਹ ਗੱਲ ਕਿੰਨਾਂ ਕੁ ਚਿਰ ਪਰਦੇ ਹੇਠ ਲੁਕੀ ਰਹੇਗੀ,ਪਰ ਮੈਂ ਨਹੀਂ ਚਾਹੁੰਦੀ ਕੁਝ ਗ਼ਲਤ ਹੋਵੇ,ਹੋ ਸਕਦਾ ਹੈ ਤਾਂ ਤੁਸੀਂ ਮੈਨੂੰ ਕਿਤੇ ਦੂਰ ਲੈ ਜਾਵੋ

ਮੈਂ : ਨੀਤ ਤੂੰ ਜ਼ਿਆਦਾ ਨਾ ਸੋਚ ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ,

ਨੀਤ : ਮੈਨੂੰ ਖ਼ੁਦ ਨਹੀਂ ਪਤਾ ਲੱਗਿਆ

ਮੈਂ : ਚੱਲ ਕੋਈ ਨਾ ਪੁੱਤ , ਤੂੰ ਰੋ ਨਾ,ਕੁਝ ਨਹੀਂ ਹੁੰਦਾ,ਜੋ ਹੋਵੇਗਾ ਵੇਖਿਆ ਜਾਊ, ਤੂੰ ਆਪਣਾ ਖਿਆਲ ਰੱਖੀਂ ਤੇ ਇਹਦਾ ਵੀ,ਹੋ ਸਕਿਆ ਤਾਂ ਹੁਣ ਆਪਾਂ ਘੱਟ ਮਿਲਣ ਦੀ ਕੋਸ਼ਿਸ਼ ਕਰਾਂਗੇ, ਮੈਂ ਨਹੀਂ ਚਾਹੁੰਦਾ ਕੋਈ ਉਨੀਂ ਇੱਕੀ ਹੋਵੇ

ਨੀਤ : ਪਰ ਮੈਂ ਤੁਹਾਨੂੰ ਮਿਲ਼ੇ ਬਿਨਾਂ ਨਹੀਂ ਰਹਿ ਸਕਦੀ, ਹੁਣ ਮੈਂ ਦੋ ਜਾਂ ਤਿੰਨ ਮਹੀਨਿਆਂ ਬਾਅਦ ਫੇਰ ਆਵਾਂਗੀ, ਤੈਨੂੰ ਨਹੀਂ ਪਤਾ ਮੈਂ ਉਥੇ ਇੱਕ ਇੱਕ ਦਿਨ ਕਿਦਾਂ ਲੰਘਾਉਂਦੀ ਹਾਂ ਏਥੇ ਆ ਮੇਰੇ ਅੰਦਰ ਇੱਕ ਖੋਹ ਜਿਹੀ ਪੈਣ ਲੱਗਦੀ ਹੈ।

ਮੈਂ : ਚੰਗੂ ਮਿਲ਼ ਲਵਾਂਗੇ

ਰਾਤ ਦੇ ਦੋ ਵੱਜ ਚੁੱਕੇ ਸੀ,ਨੀਤ ਦੀਆਂ ਅੱਖਾਂ ਵਿਚ ਨੀਂਦ ਸਾਫ਼ ਝਲਕ ਰਹੀ ਸੀ, ਮੈਂ ਨੀਤ ਨੂੰ ਉਠਾਇਆ ਤੇ ਕਿਹਾ ਚੱਲ ਚੱਲਦੇ ਹਾਂ, ਬਹੁਤ ਰਾਤ ਹੋ ਚੁੱਕੀ ਹੈ, ਸਵੇਰੇ ਫ਼ੇਰ ਤੈਂ ਜਾਣਾਂ ਵੀ ਹੋਣਾ,ਘਰ ਪਹੁੰਚਦਿਆਂ ਤਿੰਨ ਵੱਜ ਗਏ,ਵੇਖਿਆ ਨੀਤ ਦੀਆਂ ਚਾਰ ਮਿਸ ਕਾਲ ਆਈਆਂ ਪਈਆਂ ਸਨ, ਮੈਂ ਫ਼ੋਨ ਲਾਇਆ ਨੀਤ ਨੇ ਫ਼ੋਨ ਚੁੱਕ ਲਿਆ,

ਮੈਂ : ਹੈਲੋ

ਨੀਤ : ਹੈਲੋ,ਘਰ ਪਹੁੰਚ ਗਏ

ਮੈਂ : ਹਾਂਜੀ, ਤੁਸੀਂ

ਨੀਤ : ਹਾਂ, ਫ਼ਿਕਰ ਜਿਹੀ ਹੋ ਰਹੀ ਸੀ

ਮੈਂ : ਐਨਾ ਫ਼ਿਕਰ ਨਾ ਕਰਿਆ ਕਰ,ਸੋਜਾ ਹੁਣ

ਨੀਤ : ਜੀਅ ਨਹੀਂ ਲੱਗ ਰਿਹਾ

ਮੈਂ : ਪੁੱਤ ਇਹ ਤਾਂ ਲਾਉਂਣਾ ਹੀ ਪੈਣਾਂ ਹੈ, ਤੂੰ ਇਸ ਜਾਨ ਬਾਰੇ ਸੋਚ, ਮੈਂ ਤੇਰੇ ਕੋਲ਼ ਹੀ ਤਾਂ ਹਾਂ

ਨੀਤ : ਹਾਂ ਜੀ, ਸ਼ਾਇਦ ਇਹ ਰੱਬ ਨੇ ਹੀ ਲਿਖਿਆ ਸੀ

ਮੈਂ : ਸ਼ਾਇਦ ਹਾਂ, ਨਹੀਂ ਬੰਦੇ ਦੀ ਕਿ ਜੁਰਤ ਹੈ, ਕਿੰਨਾ ਸਮਾਂ ਹੋ ਗਿਆ ਸੀ, ਆਪਾਂ ਨੂੰ ਮਿਲਦਿਆਂ ਕਦੇ ਇਹ ਸਭ ਸੋਚਿਆ ਵੀ ਨਹੀਂ ਸੀ

ਨੀਤ : ਹਾਂਜੀ ਸ਼ਾਇਦ ਹੁਣ ਇਹੀ ਮਨਜ਼ੂਰ ਹੈ

ਮੈਂ : ਹਾਂ ਪੁੱਤ ਸੋ ਜਾ ਹੁਣ, ਰਾਤ ਹੋ ਕਿੰਨੀ ਰਹੀ ਹੈ ਸਵੇਰ ਹੋਣ ਵਾਲੀ ਆ

ਨੀਤ : ਜੀ ਬਾਏ, ਤੁਸੀਂ ਵੀ ਸੋ ਜੋ

ਮੈਂ : ਹਾਂ ਬਾਏ

ਨੀਤ : ਬਾਏ

ਉਹਦਾ ਤੇ ਨਹੀਂ ਪਤਾ, ਪਰ ਮੈਨੂੰ ਸਾਰੀ ਰਾਤ ਨੀਂਦ ਨਹੀਂ ਆਈ,ਦਿਲ ਵਿਚ ਆਉਣ ਵਾਲ਼ੇ ਕੱਲ੍ਹ ਨੂੰ ਲੈ ਕੇ ਲੱਖਾਂ ਸਵਾਲ ਸਨ, ਜਦੋਂ ਇਹ ਦੁਨੀਆਂ ਨੂੰ ਪਤਾ ਲੱਗੇਗਾ ਤਾਂ ਲੋ਼ਕ ਕੀ ਕੀ ਗੱਲਾਂ ਬਣਾਉਣਗੇ , ਮੈਨੂੰ ਨੀਤ ਦੀ ਅੰਤਾਂ ਦੀ ਫ਼ਿਕਰ ਹੋਣ ਲੱਗੀ,ਪਰ ਮੈਂ ਕਰ ਵੀ ਕੀ ਸਕਦਾ ਸੀ,ਦਿਲ ਕਹਿੰਦਾ ਸੀ ਨੀਤ ਨੂੰ ਲੈ ਕੇ ਕਿਤੇ ਦੂਰ ਚੱਲਾ ਜਾਵਾਂ,ਪਰ ਆਪਣੇ ਪਰਿਵਾਰ ਤੇ ਨੀਤ ਦੇ ਪਰਿਵਾਰ ਬਾਰੇ ਸੋਚ ਸਭ ਢਿੱਲਾ ਪੈ ਜਾਂਦਾ ਸੀ,ਜੇਕਰ ਸਾਡਾ ਪਿੰਡ ਇੱਕ ਨਾ ਹੁੰਦਾ ਫ਼ੇਰ ਗੱਲ ਹੋਰ ਹੋਈਂ ਸੀ, ਮੈਨੂੰ ਆਪਣੀ ਗ਼ਲਤੀ ਤੇ ਐਨਾ ਪਿਛਤਾਵਾ ਹੋ ਰਿਹਾ ਸੀ ਕਿ ਮੈਂ ਦੱਸ ਨਹੀਂ ਸਕਦਾ ਸੀ।ਇਹੀ ਗੱਲਾਂ ਵਿਚ ਉਲਝਿਆਂ ਹੋਇਆ ਕਦ ਨੀਂਦ ਆ ਗਈ ਕੁਝ ਪਤਾ ਨਾ ਲੱਗਾ।

ਅਗਲੇ ਦਿਨ ਨੀਤ ਸੋਹਰੇ ਘਰ ਚੱਲੀ ਗਈ ਸਾਰੇ ਇਸ ਖ਼ਬਰ ਤੋਂ ਖੁਸ਼ ਸਨ,ਪਰ ਇਸਦਾ ਅਸਲ ਸੱਚ ਮੈਨੂੰ ਤੇ ਨੀਤ ਨੂੰ ਘੁਣ ਵਾਂਗ ਖਾ ਰਿਹਾ ਸੀ , ਨੀਤ ਨੇ ਸੋਹਰੇ ਘਰ ਤੋਂ ਵੀ ਇੱਕ ਦੋ ਵਾਰ ਮੈਨੂੰ ਫ਼ੋਨ ਕੀਤਾ,ਪਰ ਸਾਡੀ ਜ਼ਿਆਦਾ ਗੱਲ ਨਾ ਹੋਈ, ਮੇਰਾ ਦਿਲ ਕਹਿੰਦਾ ਸੀ ਕਿ ਹੁਣ ਇਹ ਸਹੀ ਰਹੇਗਾ ਕਿ ਨੀਤ ਮੈਨੂੰ ਭੁੱਲ ਜਾਵੇ ਪਰ ਇਹ ਕਦੇ ਹੋ ਨਹੀ ਸਕਦਾ ਸੀ ਮੈਂ ਉਸਨੂੰ ਚਾਹ ਕੇ ਵੀ ਕੁਝ ਨਹੀਂ ਕਹਿ ਸਕਦਾ ਸੀ ਇੱਕ ਤੇ ਉਹ ਹੁਣ ਇਸ ਹਾਲਤ ਵਿੱਚ ਸੀ ਨੀਤ ਤਿੰਨ ਮਹੀਨਿਆਂ ਬਾਅਦ ਪਿੰਡ ਆਈ।

ਮੈਂ ਭੂਆ ਪਿੰਡ ਗਿਆ ਹੋਇਆ ਸੀ ਭੈਣ ਦੇ ਵਿਆਹ ਲਈ ਮੁੰਡਾ ਵੇਖਣ ਲਈ, ਮੈਂ ਜਦ ਆਇਆ ਤਾਂ ਨੀਤ ਦਾ ਫ਼ੋਨ ਆਇਆ ਕਿ ਮੈਂ ਮਿਲਣਾ ਹੈ। ਮੈਨੂੰ ਅੰਦਰੋਂ

ਅੰਦਰੀਂ ਇੱਕ ਤੜਫ਼ ਵੀ ਸੀ ਤੇ ਇੱਕ ਡਰ ਵੀ, ਅਸੀਂ ਉਸ ਰਾਤ ਮਿਲ਼ੇ ਨੀਤ ਦੇ ਘਰ ਮਿਲ਼ੇ,ਉਸਦੀ ਭੈਣ ਨੂੰ ਪਤਾ ਲੱਗ ਗਿਆ , ਉਸਨੇ ਨੀਤ ਨੂੰ ਸਮਝਾਇਆ ਤੇ ਮੇਰੇ ਨਾਲ ਵੀ ਫ਼ੋਨ ਤੇ ਗੱਲ ਕਰੀ ਤੇ ਕਿਹਾ ਕਿ ਤੁਸੀਂ ਦੋ ਘਰ ਖ਼ਰਾਬ ਕਰ ਰਹੇ ਹੋ ਜੇ ਇਸ ਗੱਲ ਦੀ ਕਿਸੇ ਨੂੰ ਭਣਕ ਵੀ ਲੱਗ ਗਈ ਇਸਦਾ ਕੀ ਇਲਜ਼ਾਮ ਹੋਵੇਗਾ, ਤੁਸੀਂ ਸੋਚ ਵੀ ਨਹੀਂ ਸਕਦੇ ਪਰ ਨੀਤ ਸੀ ਕਿ ਕੋਈ ਵੀ ਗੱਲ ਮੰਨਣ ਨੂੰ ਤਿਆਰ ਨਹੀਂ ਸੀ,ਉਹ ਦੁਬਾਰਾ ਸੋਹਰੇ ਘਰ ਚੱਲੀ ਗਈ,,,ਦੋ ਮਹੀਨਿਆਂ ਬਾਅਦ ਉਹ ਫ਼ੇਰ ਆ ਗਈ,ਇਹ ਉਸਦਾ ਅੱਠਵਾਂ ਮਹੀਨਾ ਸੀ, ਉਸਨੇ ਕਿਹਾ ਕਿ ਉਹ ਡਿਲੀਵਰੀ ਤੋਂ ਬਾਅਦ ਸੋਹਰੇ ਪਿੰਡ ਫ਼ੇਰ ਚੱਲੀ ਜਾਵੇਗੀ,ਇਸ ਲਈ ਮੈਂ ਉਸਨੂੰ ਸਿਰਫ਼ ਹਫਤੇ ਵਿਚ ਦੋ ਵਾਰ ਮਿਲ਼ ਜਾਇਆ ਕਰਾਂ, ਮੈਂ ਉਸਦੀ ਕੋਈ ਵੀ ਗੱਲ ਮੋੜਨੀ ਨਹੀਂ ਚਾਹੁੰਦਾ ਸੀ, ਕਿਉਂਕਿ ਫ਼ੇਰ ਵੀ ਕਿਤੇ ਨਾ ਕਿਤੇ ਉਹ ਮੇਰੇ ਤੇ ਆਪਣਾ ਹੱਕ ਜਿਤਾਉਂਦੀ ਸੀ ਤੇ ਇਹ ਹੱਕ ਵੀ ਮੈਂ ਹੀ ਉਸਨੂੰ ਦਿੱਤਾ ਸੀ ਮੈਂ ਨਹੀਂ ਚਾਹੁੰਦਾ ਸੀ ਉਹ ਮੇਰੀ ਕਿਸੇ ਗੱਲ ਕਰਕੇ ਉਦਾਸ ਹੋਵੇ, ਉਸਨੇ ਕਿਹਾ ਕਿ ਕੱਲ੍ਹ ਰਾਤ ਨੂੰ ਘਰ ਹੀ ਆ ਜਾਇਓ ,ਉਹ ਨੀਂਦ ਦੀਆਂ ਗੋਲੀਆਂ ਦੁੱਧ ਵਿੱਚ ਪਾ ਦੇਵੇਗੀ,ਲਾਕਡਾਊਨ ਨਵਾਂ ਨਵਾਂ ਲੱਗਿਆ ਸੀ। ਨੀਤ ਦੀ ਮੰਮੀ ਨੂੰ ਨੀਂਦ ਦੀਆਂ ਗੋਲੀਆਂ ਤੋਂ ਇਨਫੈਕਸ਼ਨ ਸੀ ਇਹ ਗੱਲ ਨਾ ਨੀਤ ਨੂੰ ਪਤਾ ਸੀ ਤੇ ਨਾ ਹੀ ਮੈਨੂੰ,,, ਅਸੀਂ ਰਾਤ ਨੂੰ ਮਿਲ਼ੇ ਪਹਿਲੀ ਰਾਤ ਤੇ ਉਸਦੀ ਮੰਮੀ ਠੀਕ ਰਹੀ, ਜਦੋਂ ਅਸੀਂ ਦੂਸਰੀ ਰਾਤ ਮਿਲ਼ੇ ਤਾਂ ਨੀਤ ਕੋਲੋਂ ਗੋਲੀਆਂ ਜ਼ਿਆਦਾ ਪੈ ਗਈਆਂ ਅਸੀਂ ਰਾਤ ਨੂੰ ਮਿਲ਼ੇ ਗੱਲਾਂ ਬਾਤਾਂ ਕਰਿਆ, ਜਦ ਸਵੇਰ ਹੋਈ ਪਿੰਡ ਵਿੱਚ ਇੱਕ ਗੱਲ ਫੈਲ ਗਈ ਕਿ ਸੰਧੂਆਂ ਦੇ ਢਾਣੀ ਵਿੱਚ ਜੋ ਜੰਟਾ ਨਹੀਂ ਰਹਿੰਦਾ ਉਸਦੇ ਘਰੋਂ ਉਸਦੀ ਘਰਵਾਲੀ ਕਰੋਨਾ ਨਾਲ ਸੁੱਤੀ ਪਈ ਰਹਿ ਗਈ,ਇਹ ਗੱਲ ਦਾ ਜਦੋਂ ਨੀਤ ਨੂੰ ਪਤਾ ਲੱਗਿਆ ਤਾਂ ਨੀਤ ਇਹ ਮਾਹੌਲ ਨੂੰ ਵੇਖ ਘਬਰਾ ਗਈ ਤੇ ਬੇਹੋਸ਼ ਹੋ ਗਈ,

ਉਸਦੇ ਕੋਲੋਂ ਇਹ ਸਭ ਵੇਖਿਆ ਨਾ ਗਿਆ, ਉਹ ਆਪਣਾ ਆਪ ਖੋ ਬੈਠੀ,,, ਜਿਸ ਨਾਲ਼ ਉਸਦੇ ਸਰੀਰ ਵਿੱਚ ਅਜਿਹੀ ਪ੍ਰੌਬਲਮ ਆਈ ਕਿ, ਡਿਲੀਵਰੀ ਪਹਿਲਾਂ ਕਰਨੀ ਪਈ, ਬੱਚੇ ਨੂੰ ਡੱਬੇ ਵਿੱਚ ਰੱਖਿਆ ਗਿਆ,ਜਨਮ ਲੈਣਾਂ ਵਾਲ਼ਾ ਬੱਚਾ ਇੱਕ ਮੁੰਡਾ ਸੀ,ਮੁੰਡੇ ਦੇ ਮੁਕਾਬਲੇ ਕੁੜੀ ਦੇ ਵਚਣ ਦੇ ਜ਼ਿਆਦਾ ਕਾਰਨ ਹੁੰਦੇ ਹਨ ਪਰ ਉਹ ਜ਼ਿਆਦਾ ਦਿਨ ਡੱਬੇ ਵਿੱਚ ਜਿਉਂਦਾ ਨਾ ਰਹਿ ਸਕਿਆ,,,ਨੀਤ ਆਪਣੀ ਮਾਂ ਦਾ ਆਖ਼ਰੀ ਵਾਰ ਵੀ ਮੂੰਹ ਨਾ ਵੇਖ ਸਕੀ, ਉਪਰੋਂ ਬੱਚੇ ਦੀ ਮੌਤ ਹੋ ਜਾਣ ਨੇ ਨੀਤ ਨੂੰ ਪੂਰੀ ਤਰ੍ਹਾਂ ਤੋੜ ਕੇ ਰੱਖ ਦਿੱਤਾ,,,ਉਸਦੀ ਦਿਮਾਗੀ ਹਾਲਤ ਥੋੜੀ ਹੋਰ ਵੀ ਅੱਪਸੈੱਟ ਹੋ ਗਈ,ਜਿਸਦੀ ਵਜਾਹ ਨਾਲ਼ ਉਸਨੇ ਮੇਰੇ ਬਾਰੇ ਸਾਰਾ ਕੁਝ ਆਪ ਹੀ ਦੱਸ ਦਿੱਤਾ, ਉਸਦਾ ਸੋਹਰਾ ਪਰਿਵਾਰ ਮੁੜ ਉਸਨੂੰ ਸੋਹਰੇ ਨਾ ਲੈ ਕੇ ਗਿਆ।

ਸਾਡੀ ਮੁਹੱਬਤ ਨੇ ਸਾਡੀ ਸਾਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ, ਜਿਸ ਕੋਲੋਂ ਮੈਂ ਹਮੇਸ਼ਾ ਡਰਦਾ ਸੀ ਆਖ਼ਿਰ ਉਹੀ ਹੋ ਗਿਆ, ਮੈਂ ਪਿੰਡ ਵਿੱਚ ਮੂੰਹ ਵਿਖਾਉਣ ਜੋਗਾ ਨਾ ਰਿਹਾ ਤੇ ਨੀਤ ਦਾ ਤਾਂ ਕੋਈ ਹਾਲ ਹੈ ਹੀ ਨੀਂ ਸੀ, ਮੁਹੱਬਤ ਵਿਚ ਕੀਤੀਆਂ ਗਲਤੀਆਂ ਕਈ ਵਾਰ ਆਪਣੀ ਤਾਂ ਜ਼ਿੰਦਗੀ ਖ਼ਰਾਬ ਕਰਦੀਆਂ ਹੀ ਨੇ, ਨਾਲ਼ ਕਿਸੇ ਦੀ ਜਾਨ ਵੀ ਲੈ ਲੈਂਦੀਆਂ ਨੇ, ਮੁਹੱਬਤ ਦਾ ਇਕ ਪਾਸਾ ਇਹ ਵੀ ਹੈ, ਜਿੱਥੇ ਮੁਹੱਬਤ ਰੂਹਾਂ ਦਾ ਰਿਸ਼ਤਾ ਹੈ ਉੱਥੇ ਹੀ ਇਸਦੇ ਹੋਰ ਵੀ ਚਿਹਰੇ ਬਹੁਤ ਸਾਰੇ ਨੇ, ਜਿਸ ਦੇ ਡਰ ਕੋਲੋਂ ਸੰਸਾਰ ਹਮੇਸ਼ਾ ਡਰਦਾ ਆਇਆ ਹੈ।

(ਸੁਖ ਤੇਰਾ ਹਰ ਦਿਨ ਦਾ ਇਹੀ ਸਵਾਲ ਹੁੰਦਾ ਹੈ ਕਿ ਮੈਂ ਉਦਾਸ ਕਿਉਂ ਰਹਿੰਦੀ ਹਾਂ, ਕਿਉਂ ਇਹ ਭੋਲ਼ਾ ਜਿਹਾ ਚਿਹਰਾ ਕਿਸੇ ਵੀ ਪਲ਼ ਖਿੜਦਾ ਨਹੀਂ, ਤੈਨੂੰ ਪਤਾ

ਜੋ ਮੈਂ ਤੇਰੇ ਅੱਗੇ ਰੱਖ ਰਹੀ ਹਾਂ ਇਹਨੂੰ ਸੁਣਦਿਆਂ ਹੋ ਸਕਦਾ ਤੇਰੇ ਅੰਦਰ ਮੇਰੇ ਲਈ ਨਫ਼ਰਤ ਭਰ ਜਾਵੇ,ਪਰ ਪਤਾ ਨਹੀਂ ਕਿਉਂ ਤੇਰੇ ਨਾਲ ਇਹ ਫੋਲਣ ਨੂੰ ਦਿਲ ਕਰ ਰਿਹਾ ਜੀਅ ਕਰਦਾ ਇਹ ਸਭ ਤੈਨੂੰ ਤੇਰੇ ਸਾਹਮਣੇ ਬਹਿ ਕੇ ਦੱਸਾਂ ਤੇ ਤੂੰ ਮੈਨੂੰ, ਜਿਦਾਂ ਬਾਕੀ ਸਭ ਨੂੰ ਸੰਭਾਲਦਾ ਹੈਂ, ਓਦਾਂ ਹੀ ਮੇਰਾ ਸਿਰ ਫੜ ਆਪਣੀ ਹਿੱਕ ਨਾਲ ਲਾ ਲਵੇ ਤੇ ਕਿਹਵੇਂ ,,, ਬੱਚੇ ਪਹਿਲਾਂ ਚੁੱਪ ਕਰੋ।)

****

ਭਾਗ : ਦੂਸਰਾ

ਇਹ ਗੱਲ ਸੱਚ ਹੀ ਤਾਂ ਹੈ ਕਿ ਚਾਹੇ ਕਿੰਨਾ ਵੀ ਕਹਿ ਲਵੋ,ਪਰ ਇੱਕ ਔਰਤ ਇੱਕ ਮਰਦ ਤੋਂ ਬਿਨਾਂ ਨਹੀਂ ਰਹਿ ਸਕਦੀ,ਇਹ ਚੱਕਰ ਬਣਿਆ ਹੀ ਐਦਾਂ ਦਾ ਹੋਇਆ ਹੈ, ਜ਼ਿੰਦਗੀ ਨਾਵਲ ਦੇ ਕਾਂਡਾਂ ਵਰਗੀ ਹੁੰਦੀ ਹੈ।ਜੋ ਜਦੋਂ ਬਦਲਦੇ ਨੇ ਲੱਗਦਾ ਹੈ ਸਭ ਬਦਲ ਗਿਆ ਪਰ ਅਖ਼ੀਰ ਤੇ ਜਾ ਕੇ ਇਹ ਫ਼ੇਰ ਸਭ ਕੁਝ ਆਪਸ ਵਿੱਚ ਜੁੜ ਜਾਂਦਾ ਹੈ। ਮੇਰੀ ਜਿੰਦਗੀ ਵੀ ਕੁਝ ਇਸ ਤਰ੍ਹਾਂ ਹੀ ਸੀ।

ਲੋਕ ਬੇਸ਼ੱਕ ਮੈਨੂੰ ਕਮਲੀ ਕਹਿਣ, ਪਾਗ਼ਲ ਕਹਿਣ ਜਾਂ ਕੁਝ ਵੀ ਜੋ ਜੀਅ ਕਰਦਾ ਉਹ ਕਹਿਣ,ਪਰ ਮੈਨੂੰ ਪਤਾ ਹੈ ਮੈਂ ਕੌਣ ਹਾਂ, ਮੈਂ ਕੌਣ ਸੀ ਤੇ ਕੀ ਬਣਕੇ ਰਹਿਣਾ ਹੈ। ਮੈਂ ਜਦੋਂ ਹਸਪਤਾਲ ਤੋਂ ਛੁੱਟੀ ਹੋ ਘਰ ਆਈ ਤਾਂ ਉਸਤੋਂ ਬਾਅਦ ਦਾ ਇੱਕ ਇੱਕ ਪਲ਼ ਮੇਰੇ ਯਾਦ ਹੈ,ਪਰ ਉਸਤੋਂ ਪਹਿਲਾਂ ਕੀ ਹੋਇਆ ਕਿਵੇਂ ਹੋਇਆ ਮੈਨੂੰ ਕੁਝ ਵੀ ਨਹੀਂ ਪਤਾ ਸੀ, ਮੈਂ ਘਰ ਆਕੇ ਭੈਣ ਨੂੰ ਪੁੱਛਿਆ ਮਾਂ ਕਿਥੇ ਹੈ ਤਾਂ ਭੈਣ ਨੇ ਕੌੜੀਆਂ ਜਿਹੀਆਂ ਅੱਖਾਂ ਨੇ ਮੇਰੇ ਵੱਲ ਤੱਕਦਿਆਂ ਕਿਹਾ ਕਿ ਉਸਨੂੰ ਤਾਂ ਤੂੰ

ਮਾਰ ਦਿੱਤਾ, ਮੇਰੇ ਲੂੰ ਕੰਡੇ ਖੜ੍ਹੇ ਹੋ ਗਏ ਮੈਨੂੰ ਪਤਾ ਨਹੀਂ ਲੱਗ ਰਿਹਾ ਸੀ ਉਹ ਕੀ ਕਹਿ ਰਹੀ ਹੈ ਮੈਨੂੰ ਲੱਗਾ ਸ਼ਾਇਦ ਉਹ ਮਜ਼ਾਕ ਕਹਿ ਰਹੀ ਹੈ,ਪਰ ਉਹਦੀਆਂ ਅੱਖਾਂ ਵਿੱਚੋਂ ਡੁੱਲਦੇ ਹੰਝੂ ਮੈਨੂੰ ਅੰਦਰ ਤੀਕ ਚੀਰ ਗਏ, ਮੈਂ ਉੱਚੀ ਉੱਚੀ ਚੀਕ ਕੇ ਰੋਣਾਂ ਚਾਹੁੰਦੀ ਸੀ ਪਰ ਮੇਰੇ ਮੂੰਹ ਵਿੱਚੋਂ ਆਵਾਜ਼ ਨਹੀਂ ਸੀ ਨਿਕਲ਼ ਰਹੀ, ਮੇਰੇ ਹੱਥ ਪੈਰ ਮੇਰੀ ਸਾਰੀ ਦੇਹ ਜੋ ਪਹਿਲਾਂ ਹੀ ਅੱਧੀ ਸੀ ਉਹ ਇਸ ਝੋਰੇ ਵਿਚ ਹੋਰ ਖ਼ਤਮ ਹੋਣ ਲੱਗ ਗਈ, ਮੈਂ ਸਾਰਾ ਦਿਨ ਆਪਣੇ ਆਪ ਨਾਲ਼ ਗੱਲਾਂ ਕਰਦੀ ਰਹਿੰਦੀ, ਮੇਰੇ ਵਿਚ ਐਨੀ ਹਿੰਮਤ ਨਹੀਂ ਸੀ ਕਿ ਮੈਂ ਨਵੀਨ ਬਾਰੇ ਪੁੱਛ ਸਕਾਂ,ਨਵੀਨ ਉਹਦਾ ਨਾਮ ਸੀ, ਮੈਨੂੰ ਲੱਗਦਾ ਸੀ ਸ਼ਾਇਦ ਉਹੀ ਮੈਨੂੰ ਸਮਝਣ ਵਾਲ਼ਾ ਹੈ ਇਸ ਦੁਨੀਆਂ ਉੱਪਰ,ਮੇਰਾ ਸਰੀਰ ਐਨਾ ਜ਼ਿਆਦਾ ਕੰਮਜ਼ੋਰ ਹੋ ਚੁੱਕਾ ਸੀ ਕਿ ਮੈਂ ਆਪਣੇ ਆਪ ਤਾਂ ਪਾਸਾ ਵੀ ਨਹੀਂ ਸੀ ਲੈ ਸਕਦੀ, ਪਿੰਡੋਂ ਬੁੜ੍ਹੀਆਂ ਤੁਰ ਗਈ ਮਾਂ ਦਾ ਦੁੱਖ ਸਾਂਝਾ ਕਰਨ ਆਉਂਦੀਆਂ ਮੇਰੀ ਵੱਡੀ ਤਾਈਂ ਤੇ ਮੇਰੀ ਭੈਣ ਉਹਨਾਂ ਕੋਲ਼ ਵਹਿੰਦੀਆਂ,ਉਹ ਗੱਲਾਂ ਬਾਤਾਂ ਕਰਕੇ ਮੁੜ ਜਾਂਦੀਆਂ ਮੇਰੇ ਕੋਲ਼ ਕੋਈ ਨਾ ਆਉਂਦਾ, ਮੈਂ ਕਦੇ ਕਦੇ ਤਾਂ ਘੰਟਿਆ ਤੀਕ ਪਿਆਸੀ ਪਈ ਰਹਿੰਦੀ, ਰੱਬ ਅੱਗੇ ਆਪਣੀ ਮੌਤ ਦੀ ਅਰਦਾਸ ਕਰਦੀ,ਪਰ ਸਿਆਣੇ ਸੱਚ ਕਹਿੰਦੇ ਨੇ ਕਿ ਮੂੰਹੋਂ ਮੰਗੀ ਤਾਂ ਮੌਤ ਵੀ ਨਹੀਂ ਮਿਲ਼ਦੀ, ਹੌਲ਼ੀ ਹੌਲ਼ੀ ਹੱਡਾਂ ਵਿਚ ਮੁੜ ਤੋਂ ਜਾਨ ਪੈਣ ਲੱਗੀ, ਮੈਂ ਪੂਰੀ ਤਰ੍ਹਾਂ ਦਰੁਸਤ ਹੋ ਗਈ, ਫ਼ੇਰ ਇੱਕ ਦਿਨ ਅਜਿਹੀ ਖ਼ਬਰ ਮਿਲ਼ੀ ਜਿਸ ਨਾਲ਼ ਮੈਂ ਫ਼ੇਰ ਤੋਂ ਪੂਰੀ ਤਰ੍ਹਾਂ ਟੁੱਟ ਗਈ,ਨਵੀਨ ਨੇ ਆਤਮ-ਹੱਤਿਆ ਕਰ ਲਈ, ਕਹਿੰਦੇ ਹਨ ਕਿ ਉਹ ਕਈ ਕਈ ਦਿਨ ਘਰੋਂ ਬਾਹਰ ਹੀ ਰਹਿੰਦਾ ਸੀ ਨਸ਼ੇ ਤਾਂ ਐਨੇ ਜ਼ਿਆਦਾ ਕਰਨ ਲੱਗ ਗਿਆ ਸੀ ਕਿ ਪੁੱਛੋ ਹੀ ਨਾ, ਉਸਨੇ ਖੇਤ ਜਾ ਫ਼ਾਹਾ ਲੈ ਲਿਆ,ਖੇਤਾਂ ਦੇ ਆਸੇ ਪਾਸੇ ਜ਼ਿਆਦਾ ਟਿੱਬੇ ਤੇ ਝਾੜੀਆਂ ਸਨ ਓਧਰ ਕਿਸੇ ਦਾ ਜਾਣਾਂ ਆਉਣਾਂ ਨਾ ਹੋਣ ਕਰਕੇ ਕਿਸੇ ਨੇ ਉੱਘ ਸੁੱਘ ਵੀ ਨਾ ਲਈ,ਉਹ ਤਾਂ...ਤਾਂ

ਲੈਂਦੇ ਜੇ ਉਸਨੂੰ ਘਰਦਾ ਫ਼ਿਕਰ ਹੁੰਦਾ ਕਹਿੰਦੇ ਦੋ ਦਿਨ ਫ਼ਾਹੇ ਤੇ ਹੀ ਲਮਕਿਆ ਰਿਹਾ, ਲਾਸ਼ ਪੂਰੀ ਤਰ੍ਹਾਂ ਸੜ ਚੁੱਕੀ ਸੀ ਤੇ ਅੱਧ ਤੋਂ ਵੱਧ ਜਾਨਵਰਾਂ ਕੀੜੇ ਮਕੌੜਿਆਂ ਨੇ ਖਾ ਲਈ ਸੀ। ਮੈਂ ਦੱਸ ਨਹੀਂ ਸਕਦੀ ਮੈਂ ਕਿੰਨੇ ਦਿਨ ਚੈਣ ਦੀ ਨੀਂਦ ਨਾ ਸੌਂ ਸਕੀ, ਉਹ ਮੈਨੂੰ ਰਾਤਾਂ ਨੂੰ ਸੁਪਨੇ ਵਿਚ ਆ ਕੇ ਜਗਾ ਦੇਂਦਾ, ਕਦੇ ਕਦੇ ਮੈਨੂੰ ਲੱਗਦਾ ਇਹ ਸਭ ਸੁਪਨਾ ਹੈ ਉਹ ਅੱਜ ਵੀ ਜਿਉਂਦਾ ਹੈ,ਉਸਦਾ ਜ਼ਰੂਰ ਇੱਕ ਦਿਨ ਫ਼ੋਨ ਆਵੇਗਾ,ਪਰ ਸੁਪਨੇ ਕਦੋਂ ਸੱਚ ਹੋਏ ਨੇ ,ਮੇਰੀ ਜਿੰਦਗੀ ਨੇ ਇੱਕ ਨਵਾਂ ਮੋੜ ਲੈ ਲਿਆ ਸੀ , ਪੰਜ ਕਿੱਲੇ ਜ਼ਮੀਨ ਸੀ ਬਾਪੂ ਸ਼ਰਾਬ ਐਨੀ ਜ਼ਿਆਦਾ ਪੀਂਦਾ ਸੀ ਕਿ ਇੱਕ ਕਿੱਲਾ ਵੇਚ ਦਿੱਤਾ, ਜ਼ਮੀਨ ਠੇਕੇ ਤੇ ਕਰ ਦੇਂਦੇ ਸੀ ਜਿਸ ਨਾਲ਼ ਘਰਦਾ ਗੁਜ਼ਾਰਾ ਚੱਲ ਰਿਹਾ ਸੀ, ਇੱਕ ਮੱਝ ਵੀ ਰੱਖ ਲਈ ਸੀ,ਖੇਤ ਨਾਲ਼ ਸੀ ਪੱਠੇ ਵੱਢਣੇ ਆਸਾਨ ਸੀ,ਤਾਇਆ ਵਾਹ ਬੀਜ ਦਿੰਦਾ ਸੀ।ਬਸ ਸਵੇਰ ਸ਼ੁਰੂ ਹੁੰਦੀ ਕਦੋਂ ਰਾਤ ਹੋ ਜਾਂਦੀ ਕੁਝ ਪਤਾ ਨਾ ਲੱਗਦਾ, ਨਵੀਨ ਦੀ ਮੌਤ ਨੂੰ ਸੱਚ ਮੰਨਣਾ ਮੈਨੂੰ ਅਜੇ ਵੀ ਔਖ਼ਾ ਲੱਗਦਾ ਸੀ,,,ਪਰ ਹੌਲੀ-ਹੌਲੀ ਸਭ ਠੀਕ ਹੋ ਗਿਆ, ਮੈਂ ਕੱਪੜੇ ਸਿਲਾਈ ਕਰਨੇ ਸ਼ੁਰੂ ਕਰ ਦਿੱਤੇ,ਸਾਰਾ ਦਿਨ ਘਰ ਵੇਹਲੀ ਹੋਰ ਕਰ ਵੀ ਕੀ ਸਕਦੀ ਸੀ, ਪਰ ਜਵਾਨੀ ਦੀਆਂ ਖਵਾਇਸ਼ਾਂ ਨੇ ਅੰਦਰ ਇੱਕ ਅੱਗ ਨੂੰ ਉਬਾਲ਼ ਦੇ ਰੱਖਿਆ ਸੀ ਜੋ ਉੱਛਲ ਉੱਛਲ ਕਰ ਰਿਹਾ ਸੀ।

ਮੇਰੇ ਭਰਾ ਨਾ ਹੋਣ ਕਰਕੇ,ਵੱਡੀ ਭੈਣ ਮੇਰੇ ਵਿਆਹ ਤੋਂ ਬਾਅਦ ਏਥੇ ਹੀ ਰਹਿਣ ਲੱਗ ਗਈ ਸੀ, ਪਹਿਲਾਂ ਉਹ ਵਿੱਚੋਂ ਦੀ ਸੋਹਰੇ ਜਾ ਆਉਂਦੀ ਸੀ ਪਰ ਹੁਣ ਤਾਂ ਛੇ ਮਹੀਨੇ ਜਾਂ ਸਾਲ ਤੋਂ ਹੀ ਜਾਂਦੀ, ਮੇਰਾ ਜੀਜਾ ਡਰਾਇਵਰ ਸੀ ਉਹ ਹਫਤੇ ਵਿਚ ਮਸਾਂ ਹੀ ਇੱਕ ਅੱਧਾ ਦਿਨ ਘਰ ਗੇੜਾ ਮਾਰਦਾ,ਕਈ ਕਈ ਵਾਰ ਜਦੋਂ ਕੰਮ

ਜ਼ਿਆਦਾ ਹੁੰਦਾ ਤਾਂ ਮਹੀਨਾ ਮਹੀਨਾ ਵੀ ਲੰਘ ਜਾਂਦਾ ਹੈ ਤੇ ਜਦੋਂ ਕੰਮ ਘੱਟ ਹੁੰਦਾ ਉਦੋਂ ਜ਼ਰੂਰ ਹਫ਼ਤਾ ਦਸ ਦਿਨ ਲਾ ਜਾਂਦਾ ਸੀ, ਭੈਣ ਦੇ ਵਿਆਹ ਨੂੰ ਪੰਜ ਸਾਲ ਹੋਣ ਵਾਲੇ ਨੇ,ਪਰ ਉਸਨੇ ਹਲੇ ਵੀ ਅੱਗੇ ਬਾਰੇ ਕੁਝ ਨਹੀਂ ਸੋਚਿਆ, ਸਾਰਾ ਦਿਨ ਵੱਸ ਫ਼ੋਨ ਤੇ ਲੱਗੀ ਰਹਿੰਦੀ ਹੈ ਜੇ ਕੋਈ ਮੱਤ ਦੇਣ ਵਾਲ਼ਾ ਹੋਵੇ ਫ਼ੇਰ ਤਾਂ ਹੁੰਦਾ ਹੈ ਕਿ ਉਹ ਅੱਗੇ ਦੀ ਸੋਚੇ ਜੇ ਕੋਈ ਜਵਾਕ ਜੱਲਾ ਹੋਵੇ ਔਰਤ ਸਾਰਾ ਦਿਨ ਸਾਂਭ ਸੰਭਾਲ ਵਿੱਚ ਲੱਗੀ ਰਹਿੰਦੀ ਹੈ,ਸਾਰਾ ਦਿਨ ਵੇਹਲੇ ਰਹਿਣਾ ਵੀ ਕਿਸੇ ਨੂੰ ਕੀ ਕਹੇ,ਮੇਰੀ ਮੁੱਢ ਤੋਂ ਆਦਤ ਸੀ ਮੈਂ ਸ਼ੁਰੂ ਤੋਂ ਹੀ ਕੰਮ ਕੀਤਾ ਹੈ , ਮਾਂ ਕਹਿੰਦੀ ਹੁੰਦੀ ਸੀ ਕਿ ਮੈਂ ਨਿੱਕੀ ਜਿਹੀ ਸੀ ਜਦੋਂ ਰੋਟੀ ਬਣਾਉਣ ਸਿੱਖ ਗਈ ਸੀ। ਉਂਜ ਕੋਈ ਕੁਝ ਵੀ ਕਹੇ ਲੰਘਿਆ ਵਕ਼ਤ ਸਾਰਿਆਂ ਦਾ ਹੀ ਸੋਹਣਾ ਹੁੰਦਾ ਹੈ। ਮੈਨੂੰ ਕਦੇ ਕਦੇ ਫ਼ੇਰ ਨਵੀਨ ਦੀ ਯਾਦ ਆ ਜਾਂਦੀ ਮੇਰਾ ਦਿਲ ਕਹਿੰਦਾ ਮੈਂ ਵੀ ਮਰ ਜਾਵਾਂ ਪਰ ਫ਼ੇਰ ਪਤਾ ਨੀਂ ਕਿਉਂ ਫ਼ੇਰ ਰੁੱਕ ਜਾਂਦੀ

ਇੱਕ ਦਿਨ ਕੀ ਹੋਇਆ, ਬਾਪੂ ਭੂਆ ਕੋਲ਼ ਗਿਆ ਹੋਇਆ ਸੀ ਅਸੀਂ ਦੋਵੇਂ ਭੈਣਾਂ ਵਿਹੜੇ ਵਿਚ ਸੁੱਤੀਆਂ ਪਈਆਂ ਸੀ,ਅੱਧੀ ਕੁ ਰਾਤ ਨੂੰ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਵੇਖਿਆ ਕਿ ਭੈਣ ਆਪਣੇ ਬਿਸਤਰ ਤੇ ਨਹੀਂ ਸੀ ਮੈਂ ਸੋਚਿਆ ਚੱਲ ਬਾਥਰੂਮ ਕਰਨ ਗਈ ਹੋਈਂ, ਮੈਨੂੰ ਬੇਚੈਨੀ ਜਿਹੀ ਹੋਣ ਲੱਗੀ, ਮੈਂ ਬਿਸਤਰ ਚੋਂ ਖੜ੍ਹੀ ਹੋਈ,ਹਲਕੀ ਹਲਕੀ ਠੰਡ ਲੱਗ ਰਹੀ ਸੀ, ਮੈਂ ਬਾਥਰੂਮ ਵਿੱਚ ਵੇਖਿਆ ਕੋਈ ਨਹੀਂ ਸੀ, ਮੈਂ ਮੁੜ ਐਦਾਂ ਹੀ ਬਿਸਤਰ ਵਿਚ ਆ ਪੈ ਗਈ, ਇੱਕ ਡੇਢ਼ ਘੰਟਾ ਬੀਤ ਗਿਆ, ਲਗਪਗ ਤਿੰਨ ਵਜੇ ਦਾ ਟਾਈਮ ਸੀ ,ਦੋ ਜਾਣੇ ਦੱਬੇ ਪੈਰੀਂ ਗੇਟ ਵੱਲ ਜਾ ਰਹੇ ਸੀ, ਮੈਂ ਨਾਲ਼ ਦੀ ਨਾਲ਼ ਖੜ੍ਹੀ ਹੋ ਗਈ, ਭੈਣ ਨੇ ਗੇਟ ਖੋਲ੍ਹਿਆ ਉਹ ਬੰਦਾ

ਮੈਨੂੰ ਖਲੋਤੀ ਵੇਖ ਕੇ ਗਰਨ ਦਿੰਨੇ ਗੇਟ ਲੰਘ ਗਿਆ,ਭੈਣ ਗੇਟ ਬੰਦ ਕਰਕੇ ਚੁੱਪ ਚਾਪ ਆਪਣੇ ਬਿਸਤਰ ਤੇ ਆ ਪੈ ਗਈ, ਮੈਂ ਆਪਣੇ ਮੰਜੇ ਤੇ ਆ ਬੈਠ ਗਈ ਤੇ ਮੇਰੀ ਨਾ ਚਾਹੁੰਦਿਆਂ ਵੀ ਭੁੱਬ ਨਿਕਲ ਗਈ, ਇਸਤੋਂ ਪਹਿਲਾਂ ਕਿ ਮੇਰੇ ਰੋਣ ਦੀ ਆਵਾਜ਼ ਕਿਸੇ ਨੂੰ ਸੁਣਦੀ, ਭੈਣ ਬੋਲੀ ਕੀ ਹੋਇਆ , ਆ ਡਰਾਮੇ ਸਵੇਰੇ ਕਰ ਲਵੀਂ ਹੁਣ ਸੋਜਾ ਚੁੱਪ ਕਰਕੇ,ਉਸਦੇ ਮੂੰਹ ਵਿੱਚੋਂ ਸ਼ਰਾਬ ਦੀ ਸਮੈੱਲ ਆ ਰਹੀ ਸੀ।ਉਹ ਬਹੁਤ ਜ਼ਿਆਦਾ ਨਸ਼ੇ ਵਿਚ ਸੀ, ਮੈਨੂੰ ਪਤਾ ਨਹੀਂ ਲੱਗ ਰਿਹਾ ਸੀ ਮੇਰੇ ਅੱਖਾਂ ਵਿੱਚੋਂ ਡੁੱਲਦਾ ਪਾਣੀਂ ਕੀ ਲੱਭ ਰਿਹਾ ਸੀ ਪਤਾ ਨਹੀਂ ਮੇਰੀ ਮਰ ਮੁੱਕੀ ਮਾਂ ਨੂੰ ਰੋ ਰਿਹਾ ਸੀ,ਪਤਾ ਨਹੀਂ ਸਾਡੇ ਕਰਮਾਂ ਨੂੰ, ਜਾਂ ਮੇਰੇ ਕਰਮਾਂ ਨੂੰ, ਚੰਗੀ ਭਲੀ ਹੱਸਦੀ ਵੱਸਦੀ ਜਿੰਦਗੀ ਨੂੰ ਪਤਾ ਨਹੀਂ ਕਿਸਦੀ ਨਜ਼ਰ ਲੱਗ ਗਈ, ਕਿੰਨਾ ਚੰਗਾ ਵਕ਼ਤ ਲੰਘ ਰਿਹਾ ਸੀ।

ਸਵੇਰ ਹੋਈ, ਮੈਂ ਚਾਹ ਬਣਾ ਕੇ ਜੱਗ ਵਿਚ ਪਾ ਦਿੱਤੀ,ਭੈਣ ਅਜੇ ਸੋ ਰਹੀ ਸੀ ਉਹ ਉਂਜ ਵੀ ਅੱਠ ਨੌਂ ਵਜੇ ਤੋਂ ਪਹਿਲਾਂ ਕਦੇ ਨਹੀਂ ਉੱਠੀ ਸੀ, ਮੈਂ ਘਰਦਾ ਸਾਰਾ ਕੰਮ ਕਾਜ਼ ਨਿਬੇੜ ਦਿੱਤਾ,ਦਸ ਵੱਜ ਗਏ ਸੀ, ਮੈਂ ਰੋਟੀ ਬਣਾਉਣ ਲੱਗ ਗਈ,ਵੇਖਿਆ ਭੈਣ ਅਜੇ ਵੀ ਸੋ ਰਹੀ ਸੀ, ਮੈਂ ਰੋਟੀ ਬਣਾ ਕੇ ਵੇਖਿਆ ਉਸਦਾ ਪਿੰਡਾ ਅੱਗ ਵਾਂਗ ਤੱਪ ਰਿਹਾ ਸੀ ਮੈਂ ਤਾਏ ਦੇ ਮੁੰਡੇ ਨੂੰ ਕਹਿ ਡਾਕਟਰ ਨੂੰ ਬੁਲਾ ਲਿਆ, ਡਾਕਟਰ ਆਉਂਣ ਤੋਂ ਪਹਿਲਾਂ ਮੈਂ ਇੱਕ ਬੁਖ਼ਾਰ ਦੀ ਗੋਲੀ ਦੇ ਦਿੱਤੀ ਸੀ ਜਿਸ ਨਾਲ਼ ਬੁਖ਼ਾਰ ਉਤਰ ਗਿਆ ਸੀ, ਡਾਕਟਰ ਨੇ ਆ ਕੇ ਦੋ ਟੀਕੇ ਲਗਾ ਦਿੱਤੇ ਤੇ ਕਿਹਾ ਕਿ ਇਸ ਨਾਲ਼ ਠੀਕ ਹੋ ਜਾਊ ਜੇ ਨਾ ਹੋਈ ਤਾਂ ਆ ਗੋਲੀਆਂ ਦੇ ਦੇਓ, ਉਸਨੇ ਬੁਖ਼ਾਰ

ਦੀਆਂ ਚਾਰ ਗੋਲੀਆਂ ਮੇਰੇ ਹੱਥ ਫੜਾਉਂਦਿਆਂ ਕਿਹਾ,ਜੇ ਫ਼ੇਰ ਵੀ ਠੀਕ ਨਾ ਹੋਈ ਤਾਂ ਕੱਲ੍ਹ ਨੂੰ ਦੋ ਟੀਕੇ ਹੋਰ ਲਾ ਦਵਾਂਗੇ।ਭੈਣ ਫ਼ੇਰ ਸੌਂ ਗਈ

ਡਾਕਟਰ ਚਲਾ ਗਿਆ, ਇੱਕ ਵੱਜ ਗਿਆ ਸੀ ਜਦੋਂ ਭੈਣ ਉੱਠੀ ਮੈਂ ਕੱਪੜੇ ਸਿਉਂ ਰਹੀ ਸੀ, ਨੀਤ ਹਾਂ ਬੋਲ,ਉਰੇ ਆ ਅੜੀਏ, ਭੈਣ ਨੇ ਹਾਕ ਮਾਰੀ, ਮੈਂ ਉਸ ਕੋਲ਼ ਚੱਲੀ ਗਈ

ਮੈਂ : ਹਾਂ ਬੋਲ

(ਉਸਦੇ ਚਿਹਰੇ ਤੋਂ ਲੱਗ ਰਿਹਾ ਸੀ ਕਿ ਉਹ ਰੋ ਕੇ ਹਟੀ ਹੈ)

ਕੀ ਹੋਇਆ ਰੋ ਕਿਉਂ ਰਹੀ ਹੈ

ਭੈਣ : ਨੀਤ ਤੈਨੂੰ ਪਤਾ, ਮੇਰੇ ਤੋਂ ਬਹੁਤ ਵੱਡੀ ਗ਼ਲਤੀ ਹੋਈ ਹੈ।

ਮੈਂ : ਹੁਣ ਕੀ ਕਰਦੇ ਸਕਦੇ ਹਾਂ,ਹਲੇ ਵੀ ਵਕ਼ਤ ਹੈ

ਭੈਣ : ਨਹੀਂ ਹੁਣ ਮੇਰੀ ਸਾਰੀ ਜ਼ਿਦੰਗੀ ਤਬਾਹ ਹੋ ਚੁੱਕੀ ਹੈ

ਮੈਂ : ਕੁਝ ਨਹੀਂ ਹੋਇਆ,ਸਭ ਸਹੀ ਹੋਜੂ, ਕੌਣ ਸੀ ਉਹ ਜੋ ਰਾਤ ...???

ਭੈਣ : ਜੋ ਆਪਣੀ ਜ਼ਮੀਨ ਠੇਕੇ ਤੇ ਲੈਂਦੇ ਨੇ, ਉਹਨਾਂ ਦਾ ਦੀਪ ਸੀ

ਮੈਂ : ਕੀ ਇਹ ਸਭ ਕਾਸੇ ਬਿਨਾਂ ਸਰਦਾ ਨਹੀਂ ਸੀ, ਨਾਲ਼ੇ ਰਾਤ ਤੇਰੀ ਸ਼ਰਾਬ ਪੀ ਹੋਈ ਸੀ

ਭੈਣ : ਸਭ ਕਾਸੇ ਬਿਨਾਂ ਸਰਦਾ ਸੀ,ਪਰ ਉਸਨੂੰ ਪਤਾ ਲੱਗ ਗਿਆ ਸੀ ਕਿ ਮੈਂ ਸ਼ਹਿਰ ਵਿਚ ਕਿਸੇ ਨਾਲ਼ ਘੁੰਮ ਰਹੀ ਸੀ, ਉਸਨੇ ਮੈਨੂੰ ਬਲੈਕਮੇਲ ਕੀਤਾ,ਉਸ ਕੋਲ਼ ਮੇਰੀਆਂ ਤਸਵੀਰਾਂ ਨੇ, ਮੈਂ ਇਹ ਸਭ ਮਜਬੂਰੀ ਵਿਚ ਕੀਤਾ,ਪਰ ਹੁਣ ਇਹ ਸਭ ਆਦਤ ਬਣ ਚੁੱਕਾ ਹੈ, ਮੈਂ ਬਹੁਤ ਰੋਕਦੀ ਹਾਂ ਆਪਣੇ ਆਪ ਨੂੰ,ਪਰ ਕੀ ਕਰਾਂ, ਸੱਚੀਂ ਮੈਨੂੰ ਲੱਗਦਾ ਹੈ ਹੁਣ ਮੈਂ ਮਰ ਹੀ ਜਾਵਾਂ

ਮੈਂ : ਤੈਨੂੰ ਜੀਜੂ ਬਾਰੇ ਸੋਚਣਾ ਚਾਹੀਦਾ ਸੀ,

ਭੈਣ : ਸੋਚਿਆ ਸੀ ਤਾਂ ਹੀ ਆਪਣੇ ਆਪ ਨੂੰ ਅੱਧ ਤੋਂ ਵੱਧ ਖਾ ਲਿਆ

ਮੈਂ : ਖਾ ਲਿਆ ਮਤਲਬ

ਭੈਣ : ਮੈਂ ਕਦੇ ਵੀ ਮਾਂ ਨਹੀਂ ਬਣ ਸਕਦੀ

(ਮੈਂ ਦੱਸ ਨਹੀਂ ਸਕਦੀ, ਮੈਨੂੰ ਕਿੰਨਾ ਝਟਕਾ ਲਾਇਆ ਇਸ ਗੱਲ ਨੇ, ਮੈਂ ਪੂਰੀ ਤਰ੍ਹਾਂ ਟੁੱਟ ਗਈ)

ਭੈਣ : ਤੈਨੂੰ ਪਤਾ ਮਾਂ ਦੀ ਮੌਤ ਤੇਰੇ ਕਰਕੇ ਨਹੀਂ, ਦੀਪੀ ਕਰਕੇ ਹੋਈ ਹੈ,ਉਸ ਰਾਤ ਮੈਂ ਵੀ ਦਾਲ਼ ਵਿਚ ਗੋਲ਼ੀਆਂ ਮਿਲ਼ਾ ਦਿੱਤੀਆਂ ਸੀ।

ਮੈਨੂੰ ਭੈਣ ਇੱਕਲੀ ਮਾਂ ਦੀ ਹੀ ਨਹੀਂ ਮੇਰੇ ਚਾਵਾਂ ਦੀ, ਨਵੀਨ ਦੀ, ਆਪਣੀਆਂ ਖੁਸ਼ੀਆਂ ਦੀ ਸਭ ਦੀ ਕਾਤਲ ਲੱਗ ਰਹੀ ਸੀ, ਵੈਸੇ ਤਾਂ ਮੈਂ ਵੀ ਖ਼ੁਦ ਵੀ ਕੋਈ ਦੁੱਧ ਧੋਤੀ ਨਹੀਂ ਸੀ। ਪਰ ਇੱਕ ਪਿਆਰ ਸ਼ਬਦ ਨੇ ,ਸਾਡੇ ਦੋਵਾਂ ਭੈਣਾਂ ਦੀ ਜ਼ਿੰਦਗੀ ਨੂੰ ਤਹਿਸ ਨਹਿਸ ਕਰਕੇ ਰੱਖ ਦਿੱਤਾ, ਪਤਾ ਨਹੀਂ ਲੋਕ ਕਿਹੜੀ ਮੁਹੱਬਤ ਨੂੰ ਮੱਥਾ ਟੇਕਦੇ ਫਿਰਦੇ ਨੇ,,,ਭੈਣ ਇੱਕ ਦੋ ਦਿਨ ਵਿਚ ਸਹੀ ਤਾਂ ਹੋ ਗਈ,ਪਰ ਉਸਦੇ ਅੰਦਰ ਦੀ ਉਦਾਸੀ ਉਸਨੂੰ ਘੁਣ ਵਾਂਗ ਖਾਣ ਲੱਗ ਗਈ, ਦਿਨਾਂ ਵਿਚ ਉਹਦਾ

ਚਿਹਰਾ ਤੇ ਸਰੀਰ ਇੱਕ ਹੱਡੀਆਂ ਦੀ ਮੁੱਠ ਬਣ ਕੇ ਰਹਿ ਗਿਆ, ਜਦੋਂ ਪਿਆਰ ਤੇ ਮੁਹੱਬਤ ਦਾ ਨਿਚੋੜ ਕੱਢਦੇ ਹਾਂ ਸਿਰਫ਼ ਪਛਤਾਵਾ ਹੀ ਮਿਲਦਾ ਹੈ ਜਾਂ ਅੰਤਾਂ ਦਾ ਦਰਦ ਖਾਮੋਸ਼ੀ, ਇਹੀ ਭੈਣ ਨਾਲ਼ ਹੋਇਆ, ਮੈਂ ਉਸਨੂੰ ਸਾਰਾ ਦਿਨ ਸਮਝਾਉਂਦੀ ਰਹਿੰਦੀ ਪਰ ਕਹਿ ਲਵੋ ਉਸਦੇ ਅੰਦਰ ਇਹ ਗੱਲਾਂ ਘਰ ਹੀ ਕਰ ਗਈਆਂ,ਅੰਤ ਉਹੀ ਹੋਇਆ ਜਿਸਦਾ ਡਰ ਸੀ,ਭੈਣ ਇੱਕ ਗਹਿਰੇ ਸਦਮੇ ਵਿਚ ਚੱਲੀ, ਜਿਸਨੂੰ ਡਿਪਰੈਸ਼ਨ ਕਹਿ ਸਕਦੇ ਹਾਂ, ਉਸਨੂੰ ਕੋਈ ਸੁੱਧ ਬੁੱਧ ਨਾ ਰਹੀ, ਜੀਜੂ ਉਸਨੂੰ ਪਿੰਡ ਲੈ ਗਏ, ਓਥੇ ਜਾ ਉਹਨਾਂ ਦੀ ਹਾਲਤ ਹੋਰ ਵੀ ਖ਼ਰਾਬ ਹੋ ਗਿਆ, ਅਖ਼ੀਰ ਭੈਣ ਦਾ ਇਸ ਗਹਿਰੇ ਸਦਮੇ ਤੋਂ ਮਰ ਕੇ ਹੀ ਖਹਿੜਾ ਛੁੱਟਿਆ ਮੈਨੂੰ ਦੁੱਖ ਵੀ ਸੀ ਪਰ ਨਹੀਂ ਵੀ ਸੀ, ਪਤਾ ਨੀਂ ਕਿਉਂ ਮੈਨੂੰ ਉਸਦੀ ਮੌਤ ਨਾਲ਼ ਜ਼ਿਆਦਾ ਫ਼ਰਕ ਨਾ ਪਿਆ, ਹੁਣ ਘਰ ਵਿਚ ਮੈਂ ਤੇ ਮੇਰਾ ਬਾਪੂ ਹੀ ਸਾਂ, ਰਿਸ਼ਤੇਦਾਰਾਂ ਨੇ ਕਹਿ ਕਿਹਾ ਕਿ ਮੇਰਾ ਵਿਆਹ ਮੇਰੇ ਜੀਜੂ ਨਾਲ਼ ਹੀ ਕਰ ਦਿੱਤਾ,ਪਰ ਮੈਂ ਸੋਹਰੇ ਘਰ ਥੋੜ੍ਹਾ ਸਮਾਂ ਹੀ ਰਹੀ ਕਿਉਂਕਿ, ਉਥੇ ਮੇਰੀ ਦਰਾਣੀ ਘਰ ਸਾਂਭਣ ਲਈ ਸੀ, ਪਰ ਪਿੰਡ ਬਾਪੂ ਦੀ ਰੋਟੀ ਦਾ ਔਖਾ ਸੀ ਇਸ ਲਈ ਅਸੀਂ ਥੋੜ੍ਹਾ ਸਮਾਂ ਹੀ ਉਥੇ ਰਹੇ, ਅਖ਼ੀਰ ਪਿੰਡ ਆ ਗਏ,ਮੇਰੀ ਰੁਕੀ ਜ਼ਿੰਦਗੀ ਫ਼ੇਰ ਤੋਂ ਚੱਲ ਪਈ, ਇੱਕ ਔਰਤ ਨੂੰ ਹੋਰ ਕੀ ਚਾਹੀਦਾ ਹੁੰਦਾ, ਉਸਦਾ ਮਰਦ ਉਸਨੂੰ ਖੁਸ਼ ਰੱਖੇ, ਬਾਕੀ ਸਭ ਤਾਂ ਚੱਲਦਾ ਹੀ ਰਹਿੰਦਾ ਹੈ,ਉਹ ਦੋ ਮਹੀਨੇ ਪਿੰਡ ਰਹੇ, ਉਸਤੋਂ ਬਾਅਦ ਉਹ ਕੰਮ ਤੇ ਚੱਲੇ ਗਏ, ਮੈਂ ਘਰ ਇੱਕਲੀ ਹੁੰਦੀ, ਮੈਂ ਉਹਨਾਂ ਨਾਲ਼ ਗੱਲ ਕਰਕੇ ਉਹਨਾਂ ਨੂੰ ਕਿਹਾ ਕਿ ਮੈਂ ਸਾਰਾ ਦਿਨ ਘਰ ਵੇਹਲੀ ਹੁੰਦੀ ਹਾਂ,ਮਨ ਵਿਚ ਹੋਰ ਹੀ ਗੱਲਾਂ ਜਿਹੀਆਂ ਬਣੀ ਢਹੀ ਜਾਂਦੀਆਂ ਰਹਿੰਦੀਆਂ ਨੇ ਕਿਉਂ ਨਾ, ਮੈਂ ਸ਼ਹਿਰ ਬਿਊਟੀ ਪਾਰਲਰ ਦਾ ਕੰਮ ਸਿੱਖ ਲਵਾਂ, ਹੌਲ਼ੀ ਹੌਲ਼ੀ ਪਿੰਡ ਹੀ ਕੰਮ ਤੋਰ ਲਵਾਂਗੀ,ਐਨੇ ਨਾਲ਼ ਸੌਖਾ ਦਿਨ ਲੰਘ ਜਾਇਆ ਕਰੂ, ਉਹਨਾਂ ਨੇ ਵੀ ਇਹ ਸੋਚ

ਹਾਂ ਕਰ ਦਿੱਤੀ ਕਿ ਹਾਂ ਵਧੀਆ ਹੈ ਘਰੇ ਸਾਰਾ ਦਿਨ ਬੰਦਾ ਘਰੇ ਬੈਠਾ ਆਪਣੇ ਆਪ ਵਿਚ ਹੀ ਉਲਝਿਆ ਰਹਿੰਦਾ ਹੈ। ਪਿੰਡ ਦੇ ਨਾਲ਼ ਹੀ ਸ਼ਹਿਰ ਸੀ,ਪੰਜ ਕੁ ਮਿੰਟ ਦਾ ਰਾਹ ਸੀ।

ਉਥੇ ਹੀ ਇੱਕ ਕਵੀਤਾ ਪਾਰਲਰ ਸੀ ਓਥੇ ਮੇਰੀ ਇੱਕ ਸਹੇਲੀ ਵੀ ਲੱਗੀ ਹੋਈ ਸੀ ਉਸ ਵਿਚ ਅਸੀਂ ਚਾਰ ਕੁੜੀਆਂ ਵਿਆਹੀਆਂ ਹੋਈਆਂ ਸੀ ਤੇ ਬਾਕੀ ਕੁਆਰੀਆਂ ਕੁੜੀਆਂ ਸੀ, ਪਹਿਲੇ ਦਸ ਪੰਦਰਾਂ ਦਿਨ ਤਾਂ ਮੈਨੂੰ ਵਧੀਆ ਲੱਗਾ, ਕਿਉਂਕਿ ਉਥੇ ਜਾਂਦੀ ਕੰਮ ਕਰਦੀ ਸਿੱਖਦੀ, ਮੈਨੂੰ ਆਪਣੇ ਆਪ ਤੇ ਵਿਸ਼ਵਾਸ ਸੀ ਕਿ ਮੈਂ ਜਲਦੀ ਹੀ ਸਿੱਖ ਜਾਵਾਂਗੀ, ਓਥੇ ਮੈਨੂੰ ਇੱਕ ਗੱਲ ਬੜੀ ਅਜੀਬ ਵੇਖਣ ਨੂੰ ਮਿਲੀ ਕਿ ਅਸੀਂ ਪਾਰਲਰ ਵਿਚ ਦਸ ਕੁੜੀਆਂ ਸਾਂ ਕਵੀਤਾ ਮੈਡਮ ਨੂੰ ਛੱਡ ਕੇ, ਉਹਨਾਂ ਵਿੱਚੋਂ ਹਰ ਦਿਨ ਦੋ ਚਾਰ ਕੁੜੀਆਂ ਦਸ ਗਿਆਰਾਂ ਵਜੇ ਹੀ ਕਿਸੇ ਨਾ ਕਿਸੇ ਨਾਲ਼ ਚੜ੍ਹ ਕੇ ਕਿਤੇ ਚੱਲੀਆਂ ਜਾਂਦੀਆਂ ਤੇ ਚਾਰ ਪੰਜ ਵਜੇ ਵਾਪਿਸ ਆਉਂਦੀਆਂ,ਮੈਡਮ ਉਹਨਾਂ ਨੂੰ ਇੱਕੋ ਗੱਲ ਕਹਿੰਦੀ ਕਿ ਕਿਵੇਂ ਰਹੀ ਸ਼ਿਫਟ ਫ਼ੇਰ ਉਹ ਇੱਕ ਪਾਸੇ ਬੈਠ ਕਿੰਨਾ ਚਿਰ ਦੰਦ ਕੱਢ ਕੱਢ ਹੱਸਦੀਆਂ ਰਹਿੰਦੀਆਂ ਕਦੇ ਕਦੇ ਇੰਜ ਵੀ ਹੁੰਦਾ ਕਿ ਪਾਰਲਰ ਵਿਚ ਸਿਰਫ਼ ਮੈਂ ਤੇ ਕਵਿਤਾ ਮੈਡਮ ਹੀ ਰਹਿ ਜਾਂਦੇ,,, ਇੱਕ ਦਿਨ ਮੈਂ ਆਪਣੀ ਸਹੇਲੀ ਨੂੰ ਪੁੱਛ ਹੀ ਲਿਆ ਕਿ ਉਹ ਆਖ਼ਿਰ ਕਿੱਥੇ ਚੱਲੀਆਂ ਜਾਂਦੀਆਂ ਨੇ, ਤਾਂ ਉਸਨੇ ਕਿਹਾ ਕਿ ਇਹ ਪਾਰਲਰ ਤਾਂ ਸਿਰਫ਼ ਇੱਕ ਬਹਾਨਾ ਹੈ ਇਹ ਸਾਰੀਆਂ ਕੁੜੀਆਂ ਦਾ ਅਸਲ ਮਕਸਦ ਤਾਂ ਪੈਸੇ ਕਮਾਉਣਾ ਹੈ, ਇਹ ਸਾਰੀਆਂ ਦੋ ਨੰਬਰ ਦਾ ਕੰਮ ਕਰਕੇ ਇਸ ਵਿੱਚੋਂ ਪੈਸੇ ਕਮਾਉਂਦੀਆਂ ਨੇ , ਨਾਲ਼ੇ ਤਾਂ ਕਮਾਈ ਵਧੀਆ ਹੋ ਜਾਂਦੀ ਆ ਨਾਲੇ ਆਪਣੀ ਲੋੜ ਪੂਰੀ ਹੋ ਜਾਂਦੀ

ਹੈ। ਮੈਂ ਇਹ ਸਭ ਸੁਣ ਕੇ ਉਸਦੇ ਚਿਹਰੇ ਵੱਲ ਖੜ੍ਹੀ ਐਦਾਂ ਵੇਖ ਰਹੀ ਸੀ ਜਿਵੇਂ ਪਤਾ ਨਹੀਂ ਕੀ ਪਹਾੜ ਟੁੱਟ ਗਿਆ ਹੋਵੇ, ਮੈਂ ਉਸਨੂੰ ਪੁੱਛਿਆ ਕਿ ਤੈਨੂੰ ਕੀ ਲੋੜ ਸੀ ਇਸ ਕੰਮ ਵਿੱਚ ਪੈਣ ਦੀ ,,,ਉਹਨੇ ਦੱਸਣਾ ਸ਼ੁਰੂ ਕੀਤਾ,ਅੱਜ ਕਵਿਤਾ ਮੈਡਮ ਆਈ ਨਹੀਂ ਸੀ ਬਾਕੀ ਸਾਰੀਆਂ ਕੁੜੀਆਂ ਗਈਆਂ ਹੋਈਆਂ ਸੀ, ਤੈਨੂੰ ਪਤਾ ਹੈ ਮੇਰਾ ਨਿੱਕੀ ਉਮਰ ਵਿਚ ਹੀ ਵਿਆਹ ਕਰ ਦਿੱਤਾ ਸੀ,ਤੇ ਅੱਗੋਂ ਉਹ ਅੱਧਾ ਬੁੜ੍ਹਾ ਸੀ ਮੇਰੀਆਂ ਅੱਧੀਆਂ ਖਵਾਇਸ਼ਾਂ ਤਾਂ ਉਥੇ ਹੀ ਮਰ ਗਈਆਂ,ਤਦ ਮੇਰੀ ਨਵੀਨ ਨਾਲ ਗੱਲਬਾਤ ਸੀ, ਮੈਂ ਕਿਹਾ ਨਵੀਨ ਕੌਣ,ਉਹ ਕਹਿੰਦੀ ਉਹੀ ਤੇਰੇ ਪਿੰਡ ਵਾਲ਼ਾ, ਮੈਂ ਸਭ ਉਥੇ ਹੀ ਲਕੋ ਲਿਆ, ਉਸਨੂੰ ਕਿਹਾ ਅੱਛਾ ਕਿ ਵਧੀਆ ਮੁੰਡਾ ਸੀ ਉਹ ਤਾਂ, ਹਾਂ ਵਧੀਆ ਤਾਂ ਸੀ ਪਰ ਉਸਦੀ ਕਿਸੇ ਹੋਰ ਨਾਲ਼ ਸੀ ਪਰ ਮੈਨੂੰ ਸਿਰਫ਼ ਮਤਲਬ ਤੀਕ ਮਤਲਬ ਸੀ,ਮੇਰੇ ਘਰਵਾਲ਼ਾ ਬਿਮਾਰ ਰਹਿਣ ਲੱਗ ਗਿਆ ਸੀ, ਮੈਂ ਚੋਰੀ ਚੋਰੀ ਨਵੀਨ ਨੂੰ ਮਿਲਦੀ, ਫ਼ੇਰ ਮੇਰੇ ਭਰਾ ਦੀ ਐਕਸੀਡੈਂਟ ਵਿਚ ਮੌਤ ਹੋ ਗਈ, ਫ਼ੇਰ ਮੈਂ ਕੁਝ ਦਿਨ ਸੋਹਰੇ ਕੁਝ ਦਿਨ ਪੇਕੇ ਰਹਿੰਦੀ, ਮਾਂ ਬਾਪ ਬੁੱਢੇ ਸੀ ਰੋਟੀ ਦਾ ਹੱਲ ਤਾਂ ਕਰਨਾ ਹੀ ਪੈਣਾ ਸੀ , ਇਹ ਸਭ ਤੋਂ ਪਹਿਲਾਂ ਨਵੀਨ ਨੇ ਵੀ ਮੇਰੇ ਤੋਂ ਮੁੱਖ ਮੋੜ ਲਿਆ ਸੀ, ਮੈਂ ਕੀ ਕਰਦੀ, ਫ਼ੇਰ ਇੱਕ ਮੁੰਡੇ ਨੇ ਮੈਨੂੰ ਕਵੀਤਾ ਮੈਡਮ ਨਾਲ ਮਿਲਾਇਆ, ਮੈਂ ਮੈਡਮ ਕੋਲ ਕੰਮ ਸਿੱਖਣ ਦੇ ਬਹਾਨੇ ਲੱਗ ਗਈ,ਇਸ ਨਾਲ਼ ਮੈਨੂੰ ਵਧੀਆ ਪੈਸੇ ਬਣ ਜਾਂਦੇ ਨੇ , ਨਾਲ਼ੇ ਤੋਰੀ ਫੁਲਕਾ ਤੁਰ ਰਿਹਾ ਹੈ ਨਾਲ਼ੇ ਹੁਣ ਜੇ ਮੈਂ ਨਹੀਂ ਜਵਾਕਾਂ ਨੂੰ ਸਾਂਭਾਗੀ ਤਾਂ ਹੋਰ ਕੌਣ ਸੰਭਾਲ਼ੂ, ਨਾਲ਼ੇ ਅੜੀਏ ਮੁੱਕਦੀ ਗੱਲ ਪੈਸਾ ਹੈ ਜੇ ਅੱਜ ਦੇ ਸਮੇਂ ਵਿਚ ਬੰਦੇ ਕੋਲ਼ ਪੈਸਾ ਹੈ ਤਾਂ ਸਭ ਕੁਝ ਹੈ,ਆ ਵੇਖਲਾ ਕਵਿਤਾ ਮੈਡਮ ਆਪ ਵੀ ਨਾਈਟ ਡੇ ਸਫਿੱਟ ਲਾ ਲਾ ਕੇ ,ਅੱਜ ਪਾਰਲਰ ਦੀ ਮਾਲਕਣ ਬਣੀਂ ਬੈਠੀ ਹੈ,ਜੇ ਉਸਦਾ ਘਰ ਵੇਖੇ ਤਾਂ ਤੂੰ ਹੈਰਾਨ ਰਹੀ ਜਾਵੇਗੀ

ਵੇਖ ਇਸ ਕੰਮ ਵਿੱਚ ਆਉਣਾਂ ਨਾ ਆਉਣਾਂ ਤੇਰੀ ਆਪਣੀ ਮਰਜ਼ੀ ਹੈ, ਪਰ ਜੋ ਸੱਚ ਸੀ ਮੈਂ ਤੈਨੂੰ ਇੱਕ ਦੋਸਤ ਹੋਣ ਦੇ ਨਾਤੇ ਸਭ ਸਾਫ਼ ਸਾਫ਼ ਦੱਸ ਦਿੱਤਾ ਹੈ, ਨਾਲ਼ੇ ਇਹ ਗੱਲ ਤੂੰ ਖੁਦ ਵੀ ਨੋਟ ਕੀਤੀ ਹੋਈਂ ਕਿ ਮੈਡਮ ਨੇ ਜਾਂ ਕਿਸੇ ਹੋਰ ਨੇ ਤੈਨੂੰ ਅੱਜ ਤੱਕ ਕੋਈ ਐਵੇਂ ਦੀ ਗੱਲ ਨਹੀਂ ਕਹੀ ਹੋਈ,ਤੇ ਨਾ ਹੀ ਅੱਗੇ ਉਹ ਕਹਿਣ, ਉਹਨਾਂ ਨੂੰ ਵਧੀਆ ਪੈਸੇ ਬਣ ਰਹੇ ਨੇ, ਉਹਨਾਂ ਨੂੰ ਕੋਈ ਲੋੜ ਵੀ ਨਹੀਂ ਹੈ, ਮੇਰੀ ਬੱਸ ਦਾ ਟਾਈਮ ਹੋ ਚੁੱਕਾ ਹੈ ਜੇ ਮੈਡਮ ਤੇਰੇ ਜਾਣ ਤੋਂ ਪਹਿਲਾਂ ਆ ਗਈ ਤਾਂ ਉਸਨੂੰ ਦੱਸ ਦੇਵੀਂ ਕਿ ਮੈਂ ਅੱਜ ਫ੍ਰੀ ਸੀ ਨਹੀਂ ਮੈਂ ਕੱਲ੍ਹ ਦੱਸ ਦਵਾਂਗੀ।ਉਹ ਇਹ ਸਭ ਕਹਾਣੀ ਮੈਨੂੰ ਸੁਣਾ ਕੇ ਮਿੰਟਾਂ ਵਿੱਚ ਹੀ ਮੇਨ ਬਜ਼ਾਰ ਵਾਲ਼ੀ ਗਲ਼ੀ ਹੁੰਦਿਆਂ ,ਬੱਸ ਅੱਡੇ ਨੂੰ ਲੰਘ ਗਈ,,, ਮੈਂ ਹੈਰਾਨ ਸੀ ਅਸਚਰਜ ਸੀ ਕਿ ਦੁਨੀਆਂ ਕਿੰਨੇ ਤਰ੍ਹਾਂ ਦੀ ਹੈ,ਪਤਾ ਨਹੀਂ ਕਿਸ ਪਰਦੇ ਹੇਠ ਕੀ ਹੈ।

ਇੱਕ ਮਹੀਨਾ ਬੀਤ ਗਿਆ, ਮੈਂ ਆਪਣਾ ਧਿਆਨ ਕੰਮ ਸਿੱਖਣ ਵੱਲ ਹੀ ਰੱਖਿਆ, ਮੈਨੂੰ ਐਨਾ ਕੁ ਤਾਂ ਪਤਾ ਲੱਗ ਗਿਆ ਸੀ ਕਿ ਪਾਰਲਰ ਦੇ ਕੰਮ ਵਿਚ ਕੋਈ ਬਹੁਤੀ ਕਮਾਈ ਨਹੀਂ ਹੈ,ਇਸ ਵਿਚ ਜੋ ਵੀ ਪੈਸਾ ਬਣਦਾ ਹੈ ਉਹ ਸਾਰਾ ਕਿਵੇਂ ਬਣਦਾ ਹੈ, ਜੋ ਪਾਰਲਰ ਦਾ ਕੋਰਸ ਕਰ ਕੁੜੀਆਂ ਫੌਰਨ ਚੱਲੀਆਂ ਜਾਂਦੀਆਂ ਨੇ, ਉਹਨਾਂ ਉੱਪਰ ਪੈਸੇ ਵੀ ਪਾਰਲਰ ਵਾਲ਼ੀ ਮੈਡਮ ਲਗਾਉਂਦੀ ਹੈ,ਇਸ ਪਿੱਛੇ ਕੀ ਰਾਜ਼ ਹੈ, ਮੈਨੂੰ ਹੁਣ ਇਹ ਵੀ ਸਮਝ ਵਿਚ ਆ ਗਿਆ ਸੀ, ਦੋ ਮਹੀਨਿਆਂ ਵਿਚ ਮੇਰੇ ਅੱਗੇ ਸਾਰੇ ਪਾਰਲਰਾਂ ਦੇ ਭੇਦ ਖੁੱਲ੍ਹ ਗਏ,ਇਹ ਮੈਨੂੰ ਪਾਰਲਰ ਘੱਟ ਤੇ ਜੀਸਮ ਨਿਲਾਮੀ ਦੇ ਅੱਡੇ ਜ਼ਿਆਦਾ ਲੱਗਣ ਲੱਗੇ,ਇਹ ਸੱਚ ਵੀ ਹੈ ਬੇਸ਼ੱਕ ਕੋਈ ਕੁਝ ਵੀ ਕਹੇ,

ਇਥੋਂ ਦਾ ਸਮਾਜ ਬੜਾ ਅਜ਼ੀਬ ਹੈ ਜਿੱਥੇ ਇੱਕ ਕੁੜੀ ਦਾ ਬਲਾਤਕਾਰ ਹੋ ਰਿਹਾ ਹੁੰਦਾ ਹੈ ਉਥੇ ਪੁਲਿਸ ਨੂੰ ਪਹੁੰਚਣ ਲਈ ਦਿਨਾਂ ਦਾ ਸਫ਼ਰ ਲੱਗ ਜਾਂਦਾ ਹੈ ਤੇ ਜਿੱਥੇ ਇੱਕ ਔਰਤ ਇਹ ਸਭ ਆਪਣੀ ਮਰਜ਼ੀ ਨਾਲ਼ ਕਰਦੀ ਹੈ ਉਥੇ ਪੁਲਿਸ ਬਿਨਾਂ ਸੱਦੇ ਵੀ ਪਹੁੰਚ ਜਾਂਦੀ ਹੈ, ਉਂਜ ਕੋਈ ਕੁਝ ਵੀ ਕਹੀ ਜਾਵੇ ਪਰ ਆਪਣਾ ਸਾਰਾ ਸਮਾਜ ਰਿਸ਼ਵਤਖੋਰ ਹੈ। ਏਥੇ ਹਰ ਪਰਦੇ ਪਿੱਛੇ ਇੱਕ ਨਹੀਂ ਹਜ਼ਾਰਾਂ ਰਾਜ਼ ਨੇ,ਇਹ ਪਾਰਲਰ ਵਿਚਲੀਆਂ ਕੁੜੀਆਂ ਆਪਣਾ ਜਿਸਮ ਵੇਚ ਵੇਚ ਘਰ ਤੋਰਦੀਆਂ ਨੇ,ਪਰ ਇਹਨਾਂ ਦੀ ਕਮਾਈ ਉਹਨਾਂ ਦੇ ਢਿੱਡਾਂ ਵਿਚ ਜਾ ਧੱਸ ਜਾਂਦੀ ਹੈ,ਜੋ ਆਪਣੀਆਂ ਹੀ ਮਾਵਾਂ ਭੈਣਾਂ ਨੂੰ ਸਿਆਸਤ ਵਿਚ ਉਤਾਰ ਉਹਨਾਂ ਦੇ ਔਰਤ ਹੋਣ ਦਾ ਫ਼ਾਇਦਾ ਉਠਾਉਂਦੇ ਨੇ, ਮੈਨੂੰ ਕਦੇ ਕਦੇ ਲੱਗਦਾ ਹੈ,ਇਹ ਲੋਕ ਕਹਿੰਦੇ ਨੇ ਕਿ ਨਸ਼ੇ ਕਰਕੇ ਗੁਰੂ-ਘਰ ਨਹੀਂ ਜਾਣਾਂ, ਪਰ ਗੁਰੂ ਘਰਾਂ ਵਿਚ ਪਿਆ ਹਰ ਨੋਟ ਪਹਿਲਾਂ ਇੱਕ ਨਸ਼ੇੜੀ ਦੇ ਹੱਥ ਵਿਚ ਦੀ ਗੁਜ਼ਰਦਾ ਹੈ।ਮੇਰਾ ਦਿਮਾਗ਼ ਫੱਟਣ ਲੱਗਦਾ ਹੈ।

ਮੇਰੇ ਕੋਲ਼ ਚਾਰ ਕੁ ਕਿੱਲੇ ਪੈਲ਼ੀ ਸੀ,ਮੇਰਾ ਬਿਊਟੀ ਪਾਰਲਰ ਦਾ ਕੰਮ ਸਿੱਖਣ ਦਾ ਮਕਸਦ ਕੋਈ ਪੈਸਾ ਕਮਾਉਣਾ ਨਹੀਂ ਸੀ,ਬਸ ਮੈਂ ਆਪਣੇ ਆਪ ਨੂੰ ਵਿਅਸਤ ਰੱਖਣਾ ਚਾਹੁੰਦੀ ਸੀ।ਉਹ ਮਹੀਨਾ ਮਹੀਨਾ ਘਰ ਨਾ ਆਉਂਦੇ, ਮੈਂ ਸਾਰੀ ਰਾਤ ਪਈ ਪਾਰਲਰ ਵਾਲੀਆਂ ਖੁਸ਼ ਮਿਜਾਜ਼ ਕੁੜੀਆਂ ਬਾਰੇ ਸੋਚਦੀ ਰਹਿੰਦੀ, ਕਿਵੇਂ ਦੀ ਜ਼ਿੰਦਗੀ ਹੈ ਹਨਾਂ ਉਹਨਾਂ ਦੀ,ਜਿਸ ਦਿਨ ਇਹ ਪਰਦਾ ਸਮਾਜ ਮੁਹਰੇ ਨੰਗਾ ਹੋਵੇਗਾ ਉਸ ਦਿਨ ਕੀ ਹੋਵੇਗਾ, ਫ਼ੇਰ ਮੈਂ ਸੋਚਦੀ ਜੇ ਵੇਖਿਆ ਜਾਵੇ ਇਹ ਸਮਾਜ ਦੀ ਜੁਰਤ ਹੈ, ਇੱਕ ਲੱਖਾਂ ਦੀ ਤਨਖ਼ਾਹ ਕਮਾਉਣ ਵਾਲ਼ਾ ਬੰਦਾ ਆਪਣੀ ਅੱਧ ਤੋਂ

ਵੱਧ ਤਨਖ਼ਾਹ ਸਿਰਫ਼ ਇੱਕ ਔਰਤ ਲਈ ਖ਼ਰਚ ਰਿਹਾ ਹੈ, ਮੈਨੂੰ ਇਸ ਦਲਦਲ ਵਿੱਚ ਖੁੱਭਿਆ ਹਰ ਮਰਦ ਮਹਿਸੂਸ ਹੋਇਆ, ਮੇਰੇ ਅੰਦਰ ਇੱਕ ਸਵਾਲ ਖੜ੍ਹਾ ਹੋਇਆ ਫੇਰ ਇਹ ਵੀ ਤਾਂ ਹੋ ਸਕਦਾ ਹੈ ਕਿ ਜਿਹਨਾਂ ਦੀਆਂ ਘਰਵਾਲੀਆਂ ਐਦਾਂ ਦੇ ਕੰਮ ਕਰਦੀਆਂ ਨੇ, ਉਹਨਾਂ ਦੇ ਘਰਵਾਲ਼ੇ ਵੀ, ਤੇ ਇਹਨਾਂ ਵਿੱਚ ਮੇਰਾ ਘਰਵਾਲਾ ਵੀ,,, ਮੈਂ ਇੱਕਦਮ ਸਹਿਮ ਜਿਹੀ ਗਈ ਨਾਲ਼ੇ ਸੋਚ ਰਹੀ ਸੀ ਕਿ ਇਹ ਗ਼ਲਤ ਹੈ, ਨਹੀਂ ਉਹ ਐਦਾਂ ਨਹੀਂ ਕਰ ਸਕਦੇ, ਫ਼ੇਰ ਸੋਚਿਆ ਮੈਂ ਵੀ ਤਾਂ ਪਹਿਲਾਂ ਇਸ ਸਭ ਕੀਤਾ ਹੀ ਹੈ, ਮੈਨੂੰ ਸੱਚਮੁੱਚ ਸਮਾਜ ਇੱਕ ਪਰਦੇ ਵਿਚ ਲਿਪਟਿਆ ਮਹਿਸੂਸ ਹੋਇਆ ਜੋ ਅਸਲੀਅਤ ਵਿੱਚ ਲਿਪਟਿਆ ਵੀ ਹੋਇਆ ਹੈ, ਮੈਂ ਜਦੋਂ ਬੱਸ ਸਟੈਂਡ ਤੋਂ ਪਾਰਲਰ ਵਿਚ ਜਾਂਦੀ ਤਾਂ ਇੱਕ ਮੁੰਡਾ ਬੱਸ ਸਟੈਂਡ ਤੋਂ ਮੇਰਾ ਹਰਰੋਜ਼ ਪਿੱਛਾ ਕਰਦਾ,ਵੇਖਣ ਵਿਚ ਚੰਗ਼ਾ ਸੋਹਣਾ ਸੁਨੱਖਾ ਲੱਗਦਾ ਸੀ,ਪਰ ਹਲੇ ਮਸਾਂ ਹੀ ਵੀਹ ਇੱਕੀ ਸਾਲ ਦਾ ਹੋਣਾ, ਮੈਂ ਕਈ ਵਾਰ ਉਸ ਵੱਲ ਮੁੜ ਕੇ ਵੇਖਿਆ ਹੈ ਉਹ ਮੇਰੇ ਵੱਲ ਹੀ ਵੇਖ ਰਿਹਾ ਹੁੰਦਾ ਹੈ, ਪਤਾ ਨਹੀਂ ਉਹ ਕੀ ਸੋਚਦਾ ਹੈ, ਉਸਨੂੰ ਪੰਦਰ੍ਹਾਂ ਵੀਹ ਦਿਨ ਹੋਣ ਵਾਲੇ ਨੇ, ਮੈਂ ਆਪਣੀ ਸਹੇਲੀ ਨੂੰ ਉਸ ਮੁੰਡੇ ਬਾਰੇ ਦੱਸਿਆ, ਉਸਨੇ ਆਪਣੇ ਫ਼ੋਨ ਵਿੱਚੋਂ ਉਹਦਾ ਨੰਬਰ ਕੱਢ ਉਹਦੀ ਡੀਪੀ ਫੋਟੋ ਵਿਖਾਉਂਦਿਆਂ ਕਿਹਾ ਕਿ ਕੀ ਇਹੀ ਮੁੰਡਾ ਹੈ , ਮੈਂ ਕਿਹਾ ਹਾਂ ਪਰ ਤੂੰ ਜਾਣਦੀ ਹੈਂ ਇਸ ਨੂੰ, ਉਸਨੇ ਦੱਸਿਆ ਕਿ ਉਹ ਸਾਹਿਬ ਕਲੈਕਸ਼ਨ ਹਾਊਸ ਤੇ ਕੰਮ ਕਰਦਾ ਹੈ ਵਧੀਆ ਮੁੰਡਾ ਹੈ ਜਿਵੇਂ ਦਾ ਤੂੰ ਸੋਚ ਰਹੀ ਹੈ ਉਹ ਐਦਾਂ ਦਾ ਕੁਝ ਨਹੀਂ ਹੈ, ਮੈਂ ਉਸਨੂੰ ਕਿਹਾ ਕਿ ਮੈਨੂੰ ਉਹ ਵਧੀਆ ਲੱਗਦਾ ਹੈ, ਮੈਨੂੰ ਉਸਦਾ ਨੰਬਰ ਦੇ ਦੇ, ਉਸਨੇ ਮੈਨੂੰ ਕਿਹਾ ਕਿ ਫਾਇਦਾ ਕੋਈ ਨਹੀਂ ਹੈ,ਪਰ ਨੰਬਰ ਭੇਜ ਦੇਈ ਹਾਂ

ਉਸਨੇ ਮੈਨੂੰ ਨੰਬਰ ਭੇਜ ਦਿੱਤਾ, ਮੈਂ ਪਾਰਲਰ ਤੋਂ ਘਰ ਜਾਂਦੇ ਵਕ਼ਤ,ਬੱਸ ਵਿਚ ਬੈਠ ਉਸਨੂੰ ਮੈਸਜ਼ ਕਰ ਦਿੱਤਾ,ਉਸ ਵਕ਼ਤ ਉਹ ਆਨਲਾਈਨ ਨਹੀਂ ਸੀ, ਮੈਂ ਘਰ ਜਾ ਫ਼ੋਨ ਚਾਰਜ ਤੇ ਲਗਾ ਦਿੱਤਾ, ਘਰਦੇ ਕੰਮ ਕਾਜ ਕੀਤੇ,ਰੋਟੀ ਖਾ ਕੇ ਮੈਂ ਬਿਸਤਰ ਕੱਢ ਲਏ, ਮੈਂ ਲਾਇਟ ਬੰਦ ਕਰ ਸਵੇਰੇ ਜਲਦੀ ਦਾ ਅਲਾਰਮ ਲਾ ਕੇ ਫ਼ੋਨ, ਸਿਰਹਾਣੇ ਧਰਨ ਲੱਗੀ ਤਾਂ ਮੈਨੂੰ ਯਾਦ ਆਇਆ ਕਿ ਮੈਂ ਉਸ ਮੁੰਡੇ ਨੂੰ ਮੈਸਜ਼ ਕੀਤਾ ਸੀ, ਮੈਂ ਵੇਖਿਆ ਉਸਦਾ ਮੈਸਜ਼ ਆਇਆ ਹੋਇਆ ਸੀ।

ਉਹ : ਕੌਣ ਜੀ

ਮੈਂ : ਉਹੀ

(ਉਹ ਆਨਲਾਈਨ ਸੀ,ਪਰ ਉਸਨੇ ਕੁਝ ਮਿੰਟਾਂ ਬਾਅਦ ਰਿਪਲਾਈ ਕੀਤਾ, ਮੈਂ ਓਨਾ ਚਿਰ ਉਡੀਕਦੀ ਰਹੀ)

ਉਹ : ਉਹੀ ਕੌਣ

ਮੈਂ : ਸੋਚੋ ਕੌਣ ਹੋ ਸਕਦੀ ਹਾਂ

ਉਹ : ਸਕਦੀ ਮਤਲਬ, ਤੁਸੀਂ ਕੁੜੀ ਹੋ।

ਮੈਂ : ਹਾਂਜੀ,ਚੱਲੋ ਇਹ ਤਾਂ ਪਤਾ ਲੱਗਾ

ਉਹ : ਦੱਸਦੇ ਯਰ ਕੌਣ ਆ,

ਮੈਂ : ਐਨੀ ਕੀ ਕਾਹਲੀ ਹੈ,ਦੱਸ ਦਵਾਂਗੀ

ਉਹ : ਮੈਨੂੰ ਪਤਾ ਕੋਈ ਮਜ਼ਾਕ ਕਰਦਾ ਹੋਣਾ

ਮੈਂ : ਉਹੋ ਨਹੀਂ ਜੀ, ਮੈਂ ਸੱਚੀ ਕੁੜੀ ਆ

ਉਹ : ਚੱਲੋ ਫ਼ੇਰ ਇੱਕ ਕੰਮ ਕਰੋ

ਮੈਂ : ਹਾਂਜੀ ਦੱਸੋ

ਉਹ : ਆਪਣੀ ਆਵਾਜ਼ ਰਿਕਾਰਡ ਕਰਕੇ ਭੇਜੋ

ਮੈਂ : ਹਾਂਜੀ ਆ ਲਵੋ ਜੀ ਸੁਣ ਲਵੋ ਜੀ (ਮੈਂ ਇਹ ਰਿਕਾਰਡ ਕਰਕੇ ਭੇਜ ਦਿੱਤਾ)

ਉਹ : ਯਰ ਦੱਸਦੋ ਕੌਣ ਹੈ

ਮੈਂ : ਜਿਸ ਵੱਲ ਰੋਜ਼ ਵੇਖਦੇ ਹੋ

ਉਹ : ਰੋਜ਼ ਤਾਂ ਮੈਂ ਚੰਨ ਵੱਲ਼ ਵੇਖਦਾ

ਮੈਂ : ਹਾ ਹਾ ਹੋਰ ਕੁਝ

ਉਹ : ਸੱਚੀਂ

ਮੈਂ : ਵਧੀਆ ਗੱਲ ਹੈ, ਹੋਰ ਨਹੀਂ ਕੁੱਝ ਵੇਖਦੇ

ਉਹ : ਹੋ ਸਕਦਾ,ਪਰ ਦਿਮਾਗ਼ ਵਿਚ ਨਹੀਂ ਹੈ।

ਮੈਂ : ਚੱਲੋ ਸੋ ਜਾਓ ਤੁਸੀਂ

ਉਹ : ਨਹੀਂ ਸਾਡਾ ਕੰਮ ਹੀ ਰਾਤਾਂ ਨੂੰ ਜਾਗਣਾ ਹੈ

ਮੈਂ : ਅੱਛਾ ਐਵੇਂ ਦਾ ਕੀ ਕਰਦੇ ਹੋ

ਉਹ : ਮੈਂ ਕਿਉਂ ਦੱਸਾਂ, ਜਦੋਂ ਤੁਸੀਂ ਆਪ ਤਾਂ ਦੱਸਿਆ ਨੀਂ

ਮੈਂ : ਹਾਏ,,,, ਐਨਾ ਸੋਹਣਾ ਤਾਹਨਾ

ਉਹ : ਜਿਵੇਂ ਮਰਜ਼ੀ ਸਮਝ ਲਵੋ

ਮੈਂ : ਚੱਲ, ਕੱਲ੍ਹ ਮਿਲਦੇ ਹਾਂ, ਹੁਣ ਮੈਨੂੰ ਨੀਂਦ ਆ ਰਹੀ ਹੈ

ਉਹ : ਮਰਜ਼ੀ ਹੈ

ਮੈਂ : ਇਹ ਕੀ ਗੱਲ ਹੋਈ

ਉਹ : ਹੋਰ ਹੁਣ

ਮੈਂ : ਕੱਲ੍ਹ ਪੱਕਾ ਦੱਸਦੂ, ਨਹੀਂ ਮੈਨੂੰ ਪਤਾ ਤੁਸੀਂ ਆਪ ਹੀ ਸਮਝ ਜਾਵੋਗੇ ਕਿ ਮੈਂ ਕੌਣ ਹਾਂ

ਉਹ : ਠੀਕ ਹੈ, ਬਾਏ

ਮੈਂ : ਬਾਏ, ਮਿਲਦੇ ਹਾਂ ਕੱਲ੍ਹ

***

ਕਿਹੜੇ ਸਵਾਲ ਅਧੂਰੇ ਨੇ, ਅੱਗੇ ਕੀ ਹੋਵੇਗਾ,ਇਹ ਤੁਹਾਡੇ ਹੱਥ ਹੈ,ਇਸ ਕਹਾਣੀ ਨੂੰ ਲਿਖਣ ਵਾਲੇ ਤੁਸੀਂ ਹੋ,ਇਹ ਇੱਕ ਪਰਦਾ ਹੈ, ਕਿਸੇ ਨਾ ਕਿਸੇ ਦਾ ਤਿਨਕਾ ਕੁ ਹਿੱਸਾ ਇਸ ਕਹਾਣੀ ਵਿਚ ਲਮਕ ਰਿਹਾ ਹੈ, ਬਾਕੀ ਮਿਲਦੇ ਹਾਂ ਅਗਲੇ ਭਾਗ ਵਿਚ।

ਬਹੁਤ ਬਹੁਤ ਧੰਨਵਾਦ ਇਸ ਕਹਾਣੀ ਨੂੰ ਪੜ੍ਹਨ ਲਈ, ਇਸ ਕਹਾਣੀ ਬਾਰੇ ਵਿਚਾਰ ਅਤੇ ਹੋਰ ਕਹਾਣੀਆਂ, ਕਵਿਤਾਵਾਂ, ਵਾਰਤਕ ਅਤੇ ਸਾਡੇ ਲਿਖੇ ਨਾਵਲ ਆਦਿ ਪੜ੍ਹਨ ਲਈ ਤੁਸੀਂ ਮੈਸਜ਼ ਕਰ ਸਕਦੇ ਹੋ।

ਵੱਲੋਂ : ਸੁਖਦੀਪ ਸਿੰਘ ਰਾਏਪੁਰ

ਸੰਪਰਕ : 8699633924

ਫੇਸਬੁੱਕ : ਸੁਖਦੀਪ ਸਿੰਘ ਰਾਏਪੁਰ

ਇੰਸਟਾਗ੍ਰਾਮ : im_sukhdep

ਈਮੇਲ : writersukhdeep@gmail.com

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com